TOURIST VISA USA CANADA
SCHENGEN/ UK AUSTRALIA/ NZ
263 VISA
ਫਰਵਰੀ 2025 ਮਹੀਨੇ ਵਿੱਚ ਲੱਗੇ
easyvisa
8195 828282

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਐਤਵਾਰ 11 ਮਈ 2025
Email:- lokbani08@gmail.com


ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

R. N. I. Punpun/29016/2008 * ਸਾਲ 16 , * ਅੰਕ : 294 * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਅਮਰੀਕਾ ਨੇ ਗ੍ਰੀਨ ਕਾਰਡ ਧਾਰਕਾਂ ਨੂੰ ਦਿੱਤੀ ਚਿਤਾਵਨੀ, ਭਾਰਤੀ ਹੋਣਗੇ ਪ੍ਰਭਾਵਿਤ

ਵਾਸ਼ਿੰਗਟਨ: ਲੋਕ ਬਾਣੀ -ਅਮਰੀਕਾ ਵਿਚ ਰਹਿਣ ਵਾਲੇ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਕਾਫੀ ਮਹੱਤਵ ਰੱਖਦਾ ਹੈ। ਪਰ ਹੁਣ ਅਮਰੀਕਾ ਵਿਚ ਗ੍ਰੀਨ ਕਾਰਡ ਧਾਰਕਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਹਾਲ ਹੀ ਵਿਚ ਪ੍ਰਵਾਸੀਆਂ ਤੇ ਕੀਤੀ ਜਾ ਰਹੀ ਕਾਰਵਾਈ ਤਹਿਤ ਇਮੀਗ੍ਰੇਸ਼ਨ ਵਿਭਾਗ ਅਤੇ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਤੇ ਗ੍ਰੀਨ ਕਾਰਡ ਧਾਰਕਾਂ ਲਈ ਚਿਤਾਵਨੀ ਜਾਰੀ ਕੀਤੀ ਹੈ।



ਚਿਤਾਵਨੀ ਮੁਤਾਬਕ ਜੇਕਰ ਕਿਸੇ ਪ੍ਰਵਾਸੀ ਨੇ ਕਾਨੂੰਨ ਤੋੜਿਆ ਤਾਂ ਉਹ ਆਪਣਾ ਗ੍ਰੀਨ ਕਾਰਡ ਜਾਂ ਵੀਜ਼ਾ ਵਿਸ਼ੇਸ਼ ਅਧਿਕਾਰ ਗੁਆ ਦੇਵੇਗਾ।

## ਪੰਜਾਬ ਯੂਨੀਵਰਸਿਟੀ 12 ਮਈ ਨੂੰ ਕਰਵਾਏਗੀ CET (UG) ਇਮਤਿਹਾਨ

ਚੰਡੀਗੜ੍ਹ, ਲੋਕ ਬਾਣੀ-ਭਾਰਤ-ਪਾਕਿਸਤਾਨ ਦਰਮਿਆਨ ਸ਼ਨਿੱਚਰਵਾਰ ਨੂੰ ਜੰਗਬੰਦੀ ਦੇ ਐਲਾਨ ਤੋਂ ਬਾਅਦ ਚੰਡੀਗੜ੍ਹ ਪ੍ਰਸ਼ਾਸਨ ਨੇ ਪਹਿਲਾਂ ਜਾਰੀ ਕੀਤੇ ਗਏ ਕਈ ਪਾਬੰਦੀਆਂ ਵਾਲੇ ਹੁਕਮ ਵਾਪਸ ਲੈ ਲਏ।

ਇਸ ਦੇ ਮੱਦੇਨਜ਼ਰ ਪੰਜਾਬ ਯੂਨੀਵਰਸਿਟੀ ਨੇ 35“ (”7) ਦਾਖ਼ਲਾ ਟੈਸਟ 12 ਮਈ ਨੂੰ ਕਰਾਉਣ ਦਾ ਫ਼ੈਸਲਾ ਕੀਤਾ ਹੈ। ਗ਼ੌਰਤਲਬ ਹੈ ਕਿ ਪਹਿਲਾਂ ਮਿਥੇ ਮੁਤਾਬਕ ਇਹ ਇਮਤਿਹਾਨ 11 ਮਈ ਨੂੰ ਤੈਅ



ਕੀਤਾ ਗਿਆ ਸੀ, ਪਰ ਬਾਅਦ ਵਿਚ ਭਾਰਤ-ਪਾਕਿਸਤਾਨ ਫੌਜੀ ਟਕਰਾਅ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।

## ਭਾਰਤ-ਪਾਕਿ ਟਕਰਾਅ ਦੇ ਵਿਚਕਾਰ Alert Mode ਤੇ ਜੰਮੂ, ਐਮਰਜੈਂਸੀ ਹੈਲਪਲਾਈਨ ਜਾਰੀ

ਜੰਮੂ: ਲੋਕ ਬਾਣੀ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਦੇ ਵਿਚਕਾਰ ਜੰਮੂ-ਕਸ਼ਮੀਰ ਪੁਲਿਸ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ। ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਲੋਕਾਂ ਨੂੰ ਵਿਸ਼ੇਸ਼ ਸਾਵਧਾਨੀਆਂ ਵਰਤਣ ਲਈ ਕਿਹਾ ਗਿਆ ਹੈ। ਜਿਸ ਕਾਰਨ ਕਿਸੇ ਵੀ ਸ਼ੱਕੀ ਸਮੱਗਰੀ ਜਾਂ ਡਿੱਗੇ ਹੋਏ ਮਲਬੇ ਨੂੰ




ਨਾ ਛੂਹਣ ਜਾਂ ਉਸ ਦੇ ਆਲੇ-ਦੁਆਲੇ ਨਾ ਘੁੰਮਣ ਦੀ ਸਲਾਹ ਦਿੱਤੀ ਜਾਂਦੀ ਹੈ। ਮੀਡੀਆ ਚੈਨਲਾਂ, ਡਿਜੀਟਲ ਪਲੇਟਫਾਰਮਾਂ ਅਤੇ ਵਿਅਕਤੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ

## ਪਾਕਿ ਨੂੰ ਹਰ ਨਾਪਾਕ ਹਰਕਤ ਦਾ ਮਿਲੇਗਾ ਫੈਸਲਾਕੁੰਨ ਜਵਾਬ: ਜੰਗਬੰਦੀ ਪਿੱਛੋਂ ਫੌਜ ਦਾ ਐਲਾਨ

ਨਵੀਂ ਦਿੱਲੀ, ਲੋਕ ਬਾਣੀ-ਭਾਰਤੀ ਫੌਜ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੇ ਜਾਣ ਵਾਲੇ ਹਰ ਗਲਤ ਕੰਮ ਤੇ ਹਿਮਾਕਤ ਅਤੇ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਤਣਾਅ ਵਾਧੇ ਦਾ ਜਵਾਬ ਤਾਕਤ ਅਤੇ ਫੈਸਲਾਕੁੰਨ ਕਾਰਵਾਈ ਨਾਲ ਦਿੱਤਾ ਜਾਵੇਗਾ। ਫ਼ੌਜ ਵੱਲੋਂ ਇਹ ਟਿੱਪਣੀਆਂ ਦੋਵਾਂ ਗੁਆਂਢੀ ਮੁਲਕਾਂ ਵੱਲੋਂ ਫੌਜੀ ਕਾਰਵਾਈਆਂ ਨੂੰ ਰੋਕਣ ਲਈ ਇੱਕ ਰਜ਼ਾਮੰਦੀ 'ਤੇ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਆਈਆਂ ਹਨ।




ਕਮੋਡੋਰ ਰਘੂ ਨਾਇਰ ਨੇ ਕਿਹਾ, ਜਦੋਂ ਕਿ ਅਸੀਂ ਅੱਜ ਹੋਈ ਰਜ਼ਾਮੰਦੀ ਦੀ ਪਾਲਣਾ ਕਰਾਂਗੇ, ਪਰ ਅਸੀਂ ਭਾਰਤ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹਾਂ।"

## ਸਰਕਾਰ ਵੱਲੋਂ ਵਪਾਰੀਆਂ ਨੂੰ ਜ਼ਰੂਰੀ ਵਸਤਾਂ ਦੀ ਜ਼ਖ਼ੀਰੇਬਾਜ਼ੀ ਖ਼ਿਲਾਫ਼ ਚੇਤਾਵਨੀ, ਕਿਹਾ ਭਰਵਾਂ ਸਟਾਕ ਉਪਲਬਧ

ਨਵੀਂ ਦਿੱਲੀ, ਲੋਕ ਬਾਣੀ: ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਕੇਂਦਰੀ ਖ਼ੁਰਾਕ ਅਤੇ ਖ਼ਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸ਼ੁੱਕਰਵਾਰ ਨੂੰ ਵਪਾਰੀਆਂ, ਥੋਕ ਵਿਕਰੇਤਾਵਾਂ ਅਤੇ ਪਰਚੂਨ ਵਿਕਰੇਤਾਵਾਂ ਨੂੰ ਜ਼ਰੂਰੀ ਖਾਣ-ਪੀਣ ਦੀਆਂ ਵਸਤਾਂ ਦੀ ਜਮ੍ਹਾਂਖੋਰੀ ਵਿਰੁੱਧ ਚੇਤਾਵਨੀ ਦਿੱਤੀ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਕੋਲ ਜ਼ਰੂਰੀ ਚੀਜ਼ਾਂ ਦਾ ਭਰਵਾਂ ਸਟਾਕ ਹੈ। ਸ੍ਰੀ ਜੋਸ਼ੀ ਨੇ ਇੱਕ ਸੋਸ਼ਲ ਮੀਡੀਆ ਪੋਸਟ



ਵਿੱਚ ਕਿਹਾ, ਦੇਸ਼ ਵਿੱਚ ਭੋਜਨ ਦੇ ਭੰਡਾਰਾਂ ਸਬੰਧੀ ਪ੍ਰਚਾਰ ਸੰਦੇਸ਼ਾਂ 'ਤੇ ਵਿਸ਼ਵਾਸ ਨਾ ਕਰੋ। ਸਾਡੇ ਕੋਲ ਲੋੜੀਂਦੇ ਮਾਪਦੰਡਾਂ ਤੋਂ ਕਿਤੇ ਵੱਧ ਭੋਜਨ ਦਾ ਭੰਡਾਰ ਹੈ।

## ਪਾਕਿ ਵੱਲੋਂ ਜੰਗਬੰਦੀ ਦਾ ਉਲੰਘਣ; ਸ੍ਰੀਨਗਰ ਤੇ ਜੰਮੂ ਵਿਚ ਸੁਣਾਈ ਦਿੱਤੇ ਧਮਾਕੇ

ਚੰਡੀਗੜ੍ਹ, ਲੋਕ ਬਾਣੀ ਖ਼ਬਰ ਏਜੰਸੀ ਰਾਇਟਰਜ਼ ਦੇ ਇਕ ਚਸ਼ਮਦੀਦ ਦੇ ਅਨੁਸਾਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦੇ ਸਮਝੌਤੇ ਤੋਂ ਕੁਝ ਹੀ ਘੰਟਿਆਂ ਬਾਅਦ ਪਾਕਿਸਤਾਨ ਵੱਲੋਂ ਜੰਗਬੰਦੀ ਦੀ ਉਲੰਘਣਾ ਕੀਤੀ ਗਈ ਹੈ। ਗ਼ੌਰਤਲਬ ਹੈ ਕਿ ਜੰਮੂ ਸ਼ਹਿਰ ਵਿਚ ਧਮਾਕੇ ਸੁਣੇ ਗਏ ਅਤੇ ਅਸਮਾਨ ਵਿਚ ਪ੍ਰੋਜੈਕਟਾਈਲ ਦੇਖੇ ਗਏ ਹਨ। ਇਸ ਤੋਂ ਇਲਾਵਾ ਸ੍ਰੀਨਗਰ ਅਤੇ ਉੱਤਰੀ ਕਸ਼ਮੀਰ ਵਿਚ ਕਈ ਧਮਾਕਿਆਂ



ਦੀ ਅਵਾਜ਼ ਸੁਣਾਈ ਦਿੱਤੀ ਹੈ।ਇਸ ਸਬੰਧੀ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਹਾਲ ਹੀ ਵਿਚ ✓ 'ਤੇ ਪੋਸਟ ਕਰਦਿਆਂ ਕਿਹਾ ਕਿ ਸ੍ਰੀਨਗਰ ਵਿੱਚ ਧਮਾਕੇ ਸੁਣੇ ਗਏ ਹਨ।

## ਮੋਦੀ ਦਾ ਸਮਝੌਤਾ ਪਾਕਿਸਤਾਨ ਨੇ ਕੀਤਾ ਤਾਰ ਤਾਰ

ਜਲੰਧਰ, ਲੋਕ ਬਾਣੀ -ਕੁਝ ਸਮਾਂ ਪਹਿਲਾਂ ਮੋਦੀ ਨੇ ਪਾਕਿਸਤਾਨ ਨਾਲ ਜੰਗਬੰਦੀ ਦੇ ਐਲਾਨ ਤੋਂ ਬਾਅਦ ਵੀ ਪਾਕਿਸਤਾਨ ਨੇ ਆਪਣਾ ਰੂਪ ਦਿਖਾ ਦਿੱਤਾ ਹੈ ਤੇ ਜੰਮੂ ਕਸ਼ਮੀਰ ਚ ਗੋਲੀ ਬਾਰੀ , ਹਮਲੇ ਤੇ ਰਾਜਸਥਾਨ, ਗੁਜਰਾਤ ਚ ਡ੍ਰੋਨ ਦੇਖੇਂ ਗਇਏ ਹਨ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਬਿਜਲੀ ਬੰਦ ਕਰ ਦਿਤੀ ਗਈ ਹੈ ਪਠਾਨਕੋਟ, ਜਲੰਧਰ, ਬਠਿੰਡਾ ਅਤੇ ਅੰਮ੍ਰਿਤਸਰ ਸਮੇਤ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਬਲੈਕਆ .ਟ ਬਲੈਕਆ ਓਟ




ਰਿਹਾ ਹੈ. ਡਰੋਨ ਅੰਮ੍ਰਿਤਸਰ ਏਅਰਪੋਰਟ ਦੇ ਆਸਪਾਸ ਦੀ ਵੀ ਦੇਖੇ ਜਾਣ ਦੀ ਖਬਰ ਹੈ. ਸੁਰੱਖਿਆ ਏਜੰਸੀ ਸੁਚੇਤ ਹੋ ਗਈ ਹੈ. ਫਾਜ਼ਿਲਕਾ ਵਿੱਚ ਬਲੈਕਆ .ਟ ਵੀ ਦੱਸਿਆ ਗਿਆ ਹੈ.

## ਫ਼ਿਰੋਜ਼ਪੁਰ ਵਿੱਚ ਡਰੋਨ ਹਮਲੇ 'ਚ ਪਤੀ ਪਤਨੀ ਸਣੇ ਤਿੰਨ ਜ਼ਖ਼ਮੀ


ਫਿਰੋਜ਼ਪੁਰ, ਲੋਕ ਬਾਣੀ- ਪਾਕਿਸਤਾਨ ਵੱਲੋਂ ਅੱਜ ਰਾਤ ਪੰਜਾਬ ਦੇ ਫਿਰੋਜ਼ਪੁਰ, ਪਠਾਨਕੋਟ, ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਵਿੱਚ ਕਈ ਹਮਲੇ ਕੀਤੇ ਗਏ, ਜਿਨ੍ਹਾਂ ਨੂੰ ਭਾਰਤੀ ਫ਼ੌਜ ਨੇ ਅਸਮਾਨ ਵਿੱਚ ਹੀ ਨਾਕਾਮ ਕਰ ਦਿੱਤਾ।ਜਾਣਕਾਰੀ ਅਨੁਸਾਰ ਫਿਰੋਜ਼ਪੁਰ ਦੇ ਪਿੰਡ ਖਾਈ ਫੇਮੇ ਕੀ ਵਿੱਚ ਡਰੋਨ ਡਿੱਗਣ ਕਾਰਨ ਇੱਕੋ ਪਰਿਵਾਰ ਦੇ ਤਿੰਨ ਜੀਅ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਦੀ ਪਛਾਣ ਲੱਖਾ ਸਿੰਘ, ਉਸ ਦੀ



ਪਤਨੀ ਅਤੇ ਪੁੱਤਰ ਵਜੋਂ ਹੋਈ ਹੈ। ਔਰਤ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

## ਕੱਛ ਜ਼ਿਲ੍ਹੇ ਵਿਚ ਕਈ ਡਰੋਨ ਦੇਖੇ ਜਾਣ ਤੋਂ ਬਾਅਦ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ਬਲੈਕਆਊਟ

ਅਹਿਮਦਾਬਾਦ ਲੋਕ ਬਾਣੀ-- ਗੁਜਰਾਤ ਦੇ ਗ੍ਰਿਹ ਮੰਤਰੀ ਹਰਸ਼ ਸੰਘਵੀ ਨੇ ਟਵੀਟ ਕੀਤਾ, ਕੱਛ ਜ਼ਿਲ੍ਹੇ ਵਿਚ ਕਈ ਡਰੋਨ ਦੇਖੇ ਗਏ ਹਨ। ਹੁਣ ਪੂਰੀ ਤਰ੍ਹਾਂ ਬਲੈਕਆਊਟ ਲਾਗੂ ਕੀਤਾ ਜਾਵੇਗਾ।



ਕਿਰਪਾ ਕਰਕੇ ਸੁਰੱਖਿਅਤ ਰਹੋ, ਘਬਰਾਓ ਨਾ।

263 VISA
ਫਰਵਰੀ 2025 ਮਹੀਨੇ ਵਿੱਚ ਲੱਗੇ
TOURIST VISA
USA/ SCHENGEN
CANADA/ AUSTRALIA/ UK/ NZ
easyvisa
8195 828282
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਸਭ ਰਿਸ਼ਤਿਆਂ ‘ਚੋਂ ਸਿਰਫ ਮਾਂ ਦਾ ਰਿਸ਼ਤਾ ਹੀ ਸਭ ਤੋਂ ਸੱਚਾ ਹੈ—



ਦੋਸਤੋਂ ਮਾਂ ਸ਼ਬਦ ਮੂੰਹੋਂ ਨਿਕਲਦੇ ਹੀ ਦਿਲ ਨੂੰ ਬਹੁਤ ਪਿਆਰਾ ਲੱਗਦਾ ਹੈ ਤੇ ਦਿਲ ਨੂੰ ਸਕੂਨ ਜਿਹਾ ਮਿਲ ਜਾਂਦਾ ਹੈ।ਜਿੰਨੀ ਨਿੱਘ ਤੇ ਮਿਠਾਸ ਮਾਂ ਸ਼ਬਦ ਵਿੱਚ ਭਰੀ ਹੈ ਸਾਇਦ ਦੁਨੀਆਂ ਦੀ ਹੋਰ ਕਿਸੇ ਵੀ ਚੀਜ ਵਿੱਚ ਨਹੀਂ ਮਿਲਦੀ।ਮਾਂ ਦਾ ਪਿਆਰ ਕਦੇ ਵੀ ਮਾਪਿਆ ਨਹੀਂ ਜਾ ਸਕਦਾ।ਮਾਂ ਦੇ ਪਿਆਰ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।ਮਾਂ ਲਾਡ ਪਿਆਰ ਕਰਦੀ ਹੈ ਰੀਝਾਂ ਤੇ ਸੱਧਰਾਂ ਨਾਲ ਬੱਚੇ ਦਾ ਪਾਲਣ ਪੋਸਣ ਕਰਦੀ ਹੈ।ਇੱਕ ਮਾਂ ਹੀ ਹੈ ਜੋ ਆਪਣੀ ਕੁੱਖ ਵਿੱਚ ਬੱਚੇ ਨੂੰ ਨੌਂ ਮਹੀਨੇ ਰੱਖ ਕੇ ਦੁੱਖ ਝੱਲ ਕੇ ਫਿਰ ਜਨਮ ਦਿੰਦੀ ਹੈ।ਮਾਂ ਬੱਚੇ ਨੂੰ ਪੇਟ ਵਿੱਚ ਰੱਖ ਕੇ ਆਪਣੇ ਖ਼ੂਨ ਨਾਲ ਪਾਲ ਕੇ ਜਨਮ ਦਿੰਦੀ ਹੈ । ਮਾਂ ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ ।ਦੋਸਤੋਂ ਚਾਹੇ ਘਰ ਵਿੱਚ ਸਾਰੇ ਮੈਂਬਰ ਹੋਣ ਪਰ ਮਾਂ ਨਾ ਹੋਵੇ ਤਾਂ ਘਰ ਖਾਲ਼ੀ ਜਾਪਦਾ ਹੈ ਭਾਵ ਘਰ ਵੱਢ ਖਾਣ ਨੂੰ ਪੈਂਦਾ ਹੈ।ਸਿਆਣੇ ਕਹਿੰਦੇ ਹਨ ਕਿ ਧੀਆਂ ਦੇ ਪੇਕੇ ਤਾਂ ਮਾਂ ਨਾਲ ਹੀ ਹੁੰਦੇ ਹਨ।ਮਾਂ ਕਦੇ ਵੀ ਆਪਣੇ ਬੱਚਿਆਂ ਦੇ ਲੱਗੀ ਸੱਟ ਨਹੀਂ ਝੱਲ ਸਕਦੀ।ਮਾਂ ਦੇ ਪੈਰ੍ਹਾਂ ਵਿੱਚ ਜੰਨਤ ਦਾ ਨਜ਼ਾਰਾ ਹੁੰਦਾ ਹੈ।ਇਹ ਓਹੀ ਲੋਕ ਮਾਣਦੇ ਹਨ ਜੋ ਮਾਂ ਦਾ ਸਤਿਕਾਰ ਕਰਕੇ ਉਸਦੀ ਕਦਰ ਕਰਦੇ ਹਨ ਤੇ ਮਾਂ ਦਾ ਆਸ਼ਿਰਵਾਦ ਪ੍ਰਾਪਤ ਕਰਦੇ ਹਨ।ਉਦਾਹਰਨ ਵਜੋਂ ਇਬਰਾਹਿਮ ਲਿੰਕਨ ਨੇ ਕਿਹਾ ਹੈ ਕਿ

ਮੈਂ ਅੱਜ ਜੋ ਕੁੱਝ ਵੀ ਹਾਂ ਜਾ ਬਣ ਸਕਦਾ ਹਾਂ।ਉਹ ਸਿਰਫ ਆਪਣੀ ਮਾਂ ਕਰਕੇ ਹੀ ਹਾਂ।ਮਾਂ ਦਾ ਪਿਆਰ ਨਸੀਬਾਂ ਵਾਲਿਆਂ ਨੂੰ ਮਿਲਦਾ ਹੈ।ਮਾਂ ਤਾਂ ਰੱਬ ਦਾ ਦੂਜਾ ਰੂਪ ਹੈ।ਪੰਜਾਬੀ ਮਸ਼ਹੂਰ ਗਾਇਕ ਕੁਲਦੀਪ ਮਾਣਕ ਨੇ ਆਪਣੇ ਗੀਤ ਵਿੱਚ ਮਾਂ ਬਾਰੇ ਸੱਚ ਕਿਹਾ ਹੈ–

ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ ।ਹਰਭਜਨ ਮਾਨ ਦੇ ਗੀਤ ਵਿੱਚ ਵੀ ਮਾਂ ਬਾਰੇ ਬਹੁਤ ਪਿਆਰੇ ਸ਼ਬਦ ਕਹੇ ਹਨ–

ਮਾਵਾਂ ਮਾਵਾਂ ਮਾਵਾਂ ਮਾਂ ਜੰਨਤ ਦਾ ਪਰਛਾਵਾਂ
ਮਾਂਏ ਤੇਰੇ ਵੇਹੜੇ ਵਿਚ ਰੱਬ ਵਸਦਾ
ਤੈਥੋਂ ਪਲ ਵੀ ਦੂਰ ਨਾ ਜਾਵਾਂ।

ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਮਾਂ ਸਾਡੇ ਲਈ ਬਹੁਤ ਕੁੱਝ ਕਰਦੀ ਹੈ ਸਾਡੀ ਖ਼ੁਸ਼ੀ ਲਈ ਆਪ ਦੁੱਖ ਸਹਾਰਦੀ ਹੈ।ਅਸੀਂ ਕਿੰਨੀ ਮਰਜੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜ਼ਾ ਕਦੇ ਨਹੀਂ ਚੁਕਾ ਸਕਦੇ। ਮਾਂ ਦੀ ਮਮਤਾ ਹਮੇਸ਼ਾ ਨਿਰ–ਸਵਾਰਥ ਹੁੰਦੀ ਹੈ।ਦੋਸਤੋਂ ਇਸ ਦੁਨੀਆਂ ਦੇ ਜਿੰਨੇ ਵੀ ਰਿਸ਼ਤੇ ਹਨ ਸਭ ਮਤਲਬੀ ਹਨ ਸਿਰਫ ਮਾਂ ਦਾ ਰਿਸ਼ਤਾ ਹੀ ਅਜਿਹਾ ਹੈ ਜੋ ਬਿਨਾਂ ਮਤਲਬ ਲਾਲਚ ਦੇ ਹੈ।ਮਾਂ ਦਾ ਰਿਸ਼ਤਾ ਹੀ ਸਭ ਤੋਂ ਸੱਚਾ ਹੈ।ਕਿਸੇ ਸਾਇਰ ਨੇ ਸਹੀ ਕਿਹਾ ਹੈ ਕਿ —

ਮਾਂ ਦੇ ਲਈ ਸੱਭ ਨੂੰ ਛੱਡ ਦਿਓ…
ਪਰ ਸੱਭ ਦੇ ਲਈ ਕਦੇ ਮਾਂ ਨੂੰ ਨਾ ਛੱਡਿਓ

ਮਾਂ ਕਦੇ ਵੀ ਕਿਸੇ ਵੀ ਚੀਜ ਏਥੋਂ ਤੱਕ ਕਿ ਪਿਆਰ ਦਾ ਵੀ ਦਿਖਾਵਾ ਨਹੀਂ ਕਰਦੀ।ਮਾਂ ਤਾਂ ਮਾਂ ਹੀ ਹੁੰਦੀ ਹੈ ਮਾਂ ਨਾਲ ਹੀ ਸਾਰਾ ਕੁੱਝ ਚੰਗਾ ਲੱਗਦਾ ਹੈ।ਜੋ ਲੋਕ ਮਾਂ ਦੀ ਕਦਰ ਕਰਦੇ ਹਨ ਉਹ ਹਮੇਸ਼ਾ ਖੁਸ਼ ਰਹਿੰਦੇ ਹਨ।ਜਦੋਂ ਕਿਸੇ ਇਨਸਾਨ ਨੂੰ ਸਾਰੀ ਦੁਨੀਆਂ ਬੇਗਾਨਾ ਕਰ ਦਿੰਦੀ ਹੈ।ਭਾਵ ਦੁਰਕਾਰ ਦਿੰਦੀ ਹੈ ਤਾਂ ਇੱਕ ਮਾਂ ਹੀ ਹੈ ਜੋ ਉਸਨੂੰ ਸਹਾਰਾ ਦਿੰਦੀ ਹੈ ਗੱਲ ਨਾਲ ਲਾਉਂਦੂ ਹੈ। ਦੋਸਤੋਂ ਸਭ ਤੋਂ ਅਨਮੋਲ ,ਸਦੀਵੀ ,ਅਨੋਖਾ ਰਿਸ਼ਤਾ ਮਾਂ ਦਾ ਹੁੰਦਾ ਹੈ ।ਮਾਂ ਦਾ ਪਿਆਰ ਰਿਸ਼ਤਾ ਅਜਿਹਾ ਹੁੰਦਾ ਹੈ ਜੋ ਹਰ ਇੱਕ ਮਨੁੱਖ ਚਾਹੁੰਦਾ ਹੈ ਕਿ ਮਾਂ ਕਦੇ ਨਾ ਵਿਛੜੇ ,ਮਾਂ ਦਾ ਪਿਆਰ ਕਦੇ ਨਾ ਖੁੱਸੇ। ਦੁਨੀਆਂ ਦੀਆਂ ਸਭ ਚੀਜ਼ਾਂ ‘ਚੋਂ ਇੱਕ ਸਿਰਫ ਮਾਂ ਦਾ ਪਿਆਰ ਹੀ ਸੱਚਾ ਹੈ

ਮੈਂ ਇਹੋ ਦੁਆ ਕਰਦੀ ਹਾਂ ਕਿ ਦੁਨੀਆਂ ਦੀ ਹਰ ਇੱਕ ਮਾਂ ਹਮੇਸ਼ਾ ਖੁਸ਼ ਰਹੇ ਤੇ ਕਦੇ ਵੀ ਮਾਂ ਨੂੰ ਕੋਈ ਤੱਤੀ ਵਾਹ ਨਾ ਲੱਗੇ।ਦੁਨੀਆਂ ਦੀ ਹਰ ਮਾਂ ਲਈ ਮੇਰੀ ਕਲਮ ਚੋਂ ਇੱਕ ਸ਼ਾਇਰ —

ਮਾਂ ਸ਼ਬਦ ਹੋਵੇ ਮੇਰੀ ਕਲਮ ਦੀ ਨੁੱਕਰੇ ,
ਬੱਸ ਮਾਂ ਖੁਸ਼ ਰਹੇ ਇਹੋ ਹੀ ਉੱਕਰੇ ।
ਮਾਂ ਦੇ ਹਿੱਸੇ ਦੇਵੀ ਹਰ ਸੁੱਖ ਮੇਰਾ ,
ਮਾਂ ਦੀ ਅੱਖ ਚੋਂ ਕਦੇ ਵੀ ਹੰਝੂ ਨਾ ਨੁੱਚੜੇ।
ਗਗਨ ਮਾਂ ਦੇ ਪੈਰ੍ਹੀ ਹੀ ਜੰਨਤ ਹੈ ,
ਰੱਬਾ ਇਹ ਜੰਨਤ ਕਦੇ ਨਾ ਉੱਜੜੇ।

ਮਿੰਦਰ ਕੁਰ ਦੀ ਪੋਤੀ
ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ।

# ਨਿਰਦੋਸ਼

ਬੇਦੋਸ਼ੇ ਨਿਰਦੋਸ਼ ਹੀ ਮਾਰੇ ਜਾਂਦੇ ਨੇ ,
ਬੇਇੱਜ਼ਤੇ ਲੋਕਾਂ ਦੀ ਇੱਜ਼ਤ ਬਚ ਜਾਂਦੀ,
ਇੱਜ਼ਤਾਂ ਵਾਲੇ ਹੀ ਲਤਾੜੇ ਜਾਂਦੇ ਨੇ ।
ਬੇਦੋਸ਼ੇ ਨਿਰਦੋਸ਼ ਹੀ ਮਾਰੇ ਜਾਂਦੇ ਨੇ।

ਖੋਹਲ ਕੇ ਵੇਖ ਇਤਿਹਾਸ ਪੱਤਾਂ ਦੇ ਰਾਖਿਆਂ ਦਾ,
ਧਰਮ ਲਈ ਕਿੰਜ ਬੰਦ ਬੰਦ ਵਾਰੇ ਜਾਂਦੇ ਨੇ ।
ਬੇਦੋਸ਼ੇ ਨਿਰਦੋਸ਼ ਹੀ ਮਾਰੇ ਜਾਂਦੇ ਨੇ।

ਬੰਦਾ ਸਮਝ ਨਹੀਂ ਸਕਿਆ ਅਜੇ ਤੱਕ ਆਪੇ ਨੂੰ ,
ਦੂਜਿਆਂ ਦੇ ਹੀ ਪੁਤਲੇ ਸਾੜੇ ਜਾਂਦੇ ਨੇ,
ਬੇਦੋਸ਼ੇ ਨਿਰਦੋਸ਼ ਹੀ ਮਾਰੇ ਜਾਂਦੇ ਨੇ।

ਕਰੋ ਲੜਾਈ ਮਾਫ਼ ,ਮਜ਼ਲੂਮ ਨਾ ਮਰ ਜਾਵਣ ,
ਤੀਲਾ ਤੀਲਾ ਘਰ ਉਸਾਰੇ ਜਾਂਦੇ ਨੇ,
ਬੇਦੋਸ਼ੇ ਨਿਰਦੋਸ਼ ਹੀ ਮਾਰੇ ਜਾਂਦੇ ਨੇ।

ਰੁਤਬੇ,ਦੌਲਤ,ਗ਼ੁਰੂਰ ਹੈ ਸਬ ਖ਼ਾਕ ਸਾਵਣ
ਹੁਕਮ ਵਸੇ,ਹੁਕਮੇ ਉਜਾੜੇ ਜਾਂਦੇ ਨੇ।
ਬੇਦੋਸ਼ੇ ਨਿਰਦੋਸ਼ ਹੀ ਮਾਰੇ ਜਾਂਦੇ ਨੇ।



ਡਾ.ਸ਼ਾਯਰ ਸਾਵਣ
ਜਲੰਧਰ

# ਪੰਜ ਸਰੀਰ ਦੇ ਵ਼ਫ਼ਾਦਾਰ ਅੰਗ

**ਫਗਵਾੜਾ ( -ਸੁਸ਼ੀਲ ਸ਼ਰਮਾ )**

ਪੰਜ ਤੱਤਾਂ ਦੇ ਸਾਡੇ ਸਰੀਰ ਨੂੰ ਪਰਮਾਤਮਾ ਨੇ ਇੱਕੋ ਚਮੜੀ ਦੇ ਨਾਲ ਵੱਖ ਵੱਖ ਅੰਗਾਂ ਦੇ ਰੂਪ ਵਿੱਚ ਨਿਵਾਜਿਆ ਹੈ ਅਤੇ ਹਰ ਇੱਕ ਅੰਗ ਦਾ ਸਾਡੇ ਸਰੀਰ ਵਿੱਚ ਆਪਣਾ ਇੱਕ ਅਲੱਗ ਹੀ ਅਤੇ ਅਹਿਮ ਯੋਗਦਾਨ ਹੈ। ਅਤੇ ਹਰ ਅੰਗ ਸਾਡੇ ਸਰੀਰ ਨੂੰ ਸੰਪੂਰਨ ਰੂਪ ਵਿੱਚ ਕਿਰਿਆ ਕਰਵਾਉਂਦਾ ਰਹਿੰਦਾ ਹੈ, ਅਤੇ ਸ਼ਰੀਰ ਰਾਹੀਂ ਜ਼ਿੰਦਗੀ ਜਿਉਣ ਦੇ ਹਰ ਪੜਾਅ ਦੇ ਰੂਬਰੂ ਕਰਵਾਉਂਦਾ ਹੈ। ਪਰ ਕਦੇ ਸੋਚਿਆ ਹੈ ਸਾਰੇ ਅੰਗਾਂ ਦੇ ਨਾਲ ਨਾਲ ਜੇਕਰ ਸਾਡੇ ਸਰੀਰ ਵਿੱਚ ਪਰਮਾਤਮਾ ਵੱਲੋਂ ਪੈਰ ਨਾ ਬਣਾਏ ਜਾਂਦੇ ਤਾਂ ਜ਼ਿੰਦਗੀ ਦੇ ਖ਼ੂਬਸੂਰਤ ਪੈਂਡਿਆਂ ਨੂੰ ਅਸੀਂ ਕਿਸ ਪ੍ਰਕਾਰ ਨਾਲ ਪੂਰਾ ਕਰਦੇ ? ਜ਼ਿੰਦਗੀ ਦੇ ਉਹ ਲੰਮੇ ਪੈਂਡੇ ਜੋ ਕਦੇ ਜ਼ਿੰਦਗੀ ਦੇ ਹਸੀਨ ਰੂਪ ਦੇ ਸਫਰ ਚ ਅਤੇ ਕਦੇ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦੇ ਸਫਰ ਭਾਵ ਰੋਜ਼ ਦੇ ਕੰਮਕਾਜਾਂ ਨੂੰ ਅਤੇ ਸ਼ਰੀਰ ਰੂਪੀ ਲੰਮੇ ਪੈਂਡੇ ਨੂੰ ਅਸੀਂ ਰੋਜ਼ ਕਿਵੇਂ ਤੈਅ ਕਰਦੇ ?

ਇੱਕ ਅਹਿਸਾਸ ਅਤੇ ਇੱਕ ਲੋਜਿਕਲ ਵੇਅ ਵਜੋਂ ਜੇਕਰ ਅਸੀਂ ਗੱਲ ਕਰੀਏ ਸਾਡੇ ਸਰੀਰ ਦੇ ਸਭ ਤੋਂ ਵਫਾਦਾਰ ਅੰਗ ਵਜੋਂ ਸਾਡੇ ਪੈਰ ਸਾਡੇ ਸਰੀਰ ਨਾਲ ਪ੍ਰਤੱਖ ਰੂਪ ਵਿਚ ਵਿਚਰਦੇ ਹਨ। ਜੇਕਰ ਪਰਮਾਤਮਾ ਵੱਲੋਂ ਪੰਛੀਆਂ ਨੂੰ ਉਡਾਣ ਵਾਸਤੇ ਖੰਭ ਦਿੱਤੇ ਗਏ ਹਨ ਤਾਂ ਇਨਸਾਨ ਨੂੰ ਵੀ ਪਰਮਾਤਮਾ ਵੱਲੋਂ ਜ਼ਿੰਦਗੀ ਦੇ ਹਰ ਪ੍ਰਕਾਰ ਦੇ ਸਫ਼ਰ ਤੈਅ ਕਰਨ ਲਈ ਸਰੀਰ ਦੇ ਹਿੱਸੇ ਵਜੋਂ ਪੈਰ ਦਿੱਤੇ ਗਏ ਹਨ, ਜਾਂ ਕਹਿ ਲਓ ਖ਼ੂਬਸੂਰਤ ਸਫ਼ਰ ।

ਆਓ ਜਾਣੀਏ ਸਰੀਰ ਦੇ ਵਫ਼ਾਦਾਰ ਅੰਗ ਪੈਰਾਂ ਬਾਰੇ,,,,, ਜੇਕਰ ਇਹ ਮੰਨ ਕੇ ਚੱਲੀਏ ਕਿ ਪੈਰ ਸਰੀਰ ਦੇ ਸਭ ਤੋਂ ਵਫਾਦਾਰ ਅੰਗ ਹਨ ਤਾਂ ਇਹ ਗਲਤ ਨਹੀਂ ਹੋਵੇਗਾ। ਸਰੀਰਕ ਰਚਨਾ ਵਿਗਿਆਨ ਚ ਦੱਸਿਆ ਜਾਂਦਾ ਹੈ ਕਿ ਪ੍ਰਤੇਕ ਪੈਰ ਵਿੱਚ 26 ਹੱਡੀਆਂ ਹੁੰਦੀਆਂ ਹਨ ਅਤੇ ਦੋਵੇਂ ਪੈਰਾਂ ਵਿੱਚ ਸੰਪੂਰਨ ਸਰੀਰ ਦੀਆਂ ਇੱਕ ਚੌਥਾਈ ਹੱਡੀਆਂ ਹੁੰਦੀਆਂ ਹਨ । ਜਿਹੜੀਆਂ 107 ਲਿਗਾਮੈਂਟ ਅਤੇ 19 ਮਾਸ ਪੇਸ਼ੀਆਂ ਨਾਲ ਪਰਸਪਰ ਬੰਨੀਆਂ ਹੁੰਦੀਆਂ ਹਨ। ਕਨੈਕਟਿਵ ਟਿਸ਼ੂ, ਰਕਤ ਧਮਨੀਆਂ ਅਤੇ ਨਸਾਂ ਨਾਲ ਜੁੜੀਆਂ ਹੁੰਦੀਆਂ ਹਨ । ਇਹ ਸਭ ਚਮੜੀ ਨਾਲ ਢਕਿਆ ਹੁੰਦਾ ਹੈ ਜਿਸ ਵਿੱਚ ਨਸਾਂ ਦੇ 7200 ਸਿਰੇ ਹੁੰਦੇ ਹਨ । ਪੈਰ ਸਰੀਰ ਦਾ ਇੱਕ ਛੋਟਾ ਜਿਹਾ ਭਾਗ ਹੋਣ ਦੇ ਬਾਵਜੂਦ ਵੀ 60 ਤੋਂ 80 ਕਿਲੋਗ੍ਰਾਮ ਭਾਰ ਅਤੇ 150 ਤੋਂ 180 ਸੈਂਟੀਮੀਟਰ ਦੀ ਉਚਾਈ ਵਾਲੇ ਸਰੀਰ ਨੂੰ ਆਧਾਰ ਪ੍ਰਦਾਨ ਕਰਦਾ ਹੈ। ਇਸ ਨੂੰ ਚਲਾਉਂਦਾ ਹੈ ਅਤੇ ਸਰੀਰ ਦਾ ਸੰਤੁਲਨ ਬਣਾਈ ਰੱਖਦਾ ਹੈ । ਪ੍ਰਤੀ ਦਿਨ ਟਹਿਲਣ, ਹੌਲੀ ਹੌਲੀ ਉਛਲ ਕੁਦ ਕਰਦਿਆਂ ਦੌੜ ਲਗਾਉਣ ਨਾਲ ਸਰੀਰ ਨੂੰ ਉਸਤਨ 1000 ਟਨ ਦੇ ਬਰਾਬਰ ਹਿਚਕੋਲੇ ਜਾਂ ਧੱਕੇ ਲੱਗਦੇ ਹਨ।

ਜਾਂ ਫਿਰ ਵੀ ਬਿਨਾਂ ਕਿਸੇ ਆਰਾਮ ਜਾਂ ਸ਼ਿਕਾਇਤ ਦੇ ਜੀਵਨ ਦੇ ਅੰਤ ਤੱਕ ਪੈਰ ਆਪਣੇ ਕੰਮ ਵਿੱਚ ਲੱਗੇ ਰਹਿੰਦੇ ਹਨ। ਅਤੇ ਜ਼ਿੰਦਗੀ ਦੇ ਹਰ ਪੜਾਅ ਮੁਤਾਬਿਕ ਚਲਦੇ ਰਹਿਣ ਦੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

ਪਰ ਕੀ ਤੁਸੀਂ ਜਾਣਦੇ ਹੋ ?

ਪੈਰ ਸਾਡੇ ਮਨ ਮੁਤਾਬਿਕ ਵੀ ਕੰਮ ਕਰਦੇ ਹਨ। ਜਿਸ ਤਰ੍ਹਾਂ ਅਸੀਂ ਦੇਖਣ ਦਾ ਕੰਮ ਹੱਥਾਂ ਤੋਂ ਨਹੀਂ ਲੈ ਸਕਦੇ, ਸਵਾਦ ਦਾ ਕੰਮ ਅੱਖਾਂ ਤੋਂ ਨਹੀਂ ਲੈ ਸਕਦੇ ,ਉਸੇ ਤਰ੍ਹਾਂ ਸਾਡੇ ਮਨ ਪਸੰਦ ਸਥਾਨ ਜਗ੍ਹਾ ਜਾਂ ਸਫ਼ਰ ਨੂੰ ਅਸੀਂ ਬਿਨਾਂ ਪੈਰਾਂ ਤੋਂ ਨਹੀਂ ਪੂਰਾ ਕਰ ਸਕਦੇ। ਜੇਕਰ ਕਿਸੇ ਅਹਿਸਾਸ ਨੂੰ ਪੂਰਾ ਕਰਨ ਵਿੱਚ ਮਨ ਦਾ ਅਹਿਮ ਯੋਗਦਾਨ ਹੈ, ਉਸੇ ਤਰ੍ਹਾਂ ਉਸ ਅਹਿਸਾਸ ਨੂੰ ਜਿਉਣ ਲਈ ਸਫ਼ਰ ਦੇ ਰੂਪ ਵਿੱਚ ਪੂਰਾ ਕਰਨ ਲਈ ਪੈਰਾਂ ਦਾ ਅਹਿਮ ਯੋਗਦਾਨ ਹੈ, ਤਾਂ ਤਾਂ ਹੋਏ ਨਾ ਤਾਂ ਪੈਰ ਸਰੀਰ ਦੇ ਸਭ ਤੋਂ ਵਫਾਦਾਰ ਅੰਗ।



ਡਾ.ਸਾਵੰਤ ਸਿੰਘ ਸਾਵਣ
ਐਮ.ਡੀ.
ਸਾਵਣ ਨੇਚਰੋਪੈਥੀ

# ਪੰਜਾਬ ਚ ਕਾਲਾ ਦੌਰ ਸ਼ੁਰੂ ਕਰਨ ਲਈ ਕਾਂਗਰਸ ਵੱਲੋਂ ਫਿੱਟ ਕੀਤਾ ਭਿੰਡਰਾਵਾਲਾ ਜਿੰਮੇਵਾਰ ਸਾਬਿਤ ਹੋਇਆ ???

ਸ਼ਾਂਤੀ ਦੇ ਪੁੰਜ ਦਰਬਾਰ ਸਾਹਿਬ ਨੂੰ ਮੋਰਚਾਬੰਦੀ ਕਰਕੇ ਕਿਲਾ ਬਣਾਉਣਾ,,ਭਿੰਡਰਾਵਾਲੇ ਵੱਲੋਂ ਨਿਰਦੋਸ਼ ਹਿੰਦੂਆਂ ਦੇ ਕਤਲ ਕਰਵਾਉਣੇ,,ਭਿੰਡਰਾਵਾਲੇ ਦੀ ਸੱਜੀ ਬਾਂਹ ਸੋਢੀ ਵੱਲੋਂ ਸ਼ਿੰਦੇ ਦੀ ਮਸ਼ੂਕ ਬਲਜੀਤ ਕੌਰ ਨਾਲ ਬਲਾਤਕਾਰ ਕਰਨਾ,,,ਸ਼ਿੰਦੇ ਅਤੇ ਬਲਜੀਤ ਕੌਰ ਵੱਲੋਂ ਸੋਢੀ ਨੂੰ ਸਿੰਧੀ ਹੋਟਲ ਵਿੱਚ ਸਦਕੇ ਧਕੇਸਾਹੀ ਦਾ ਬਦਲਾ ਲੈਣ ਲਈ ਗੋਲੀਆਂ ਮਾਰਕੇ ਭੁੰਨਣਾ,,,ਉਸ ਸਮੇਂ ਭਿੰਡਰਾਵਾਲਾ ਲੰਗਰ ਦੀ ਛੱਤ ਉੱਪਰ ਬੈਠਾ ਸੀ,ਬਲਜੀਤ ਕੌਰ ਸੋਢੀ ਦਾ ਕਤਲ ਕਰਕੇ ਉਹੀ ਰਿਵਾਲਵਰ ਹੱਥ ਵਿੱਚ ਫੜਕੇ ਪੌੜੀਆਂ ਚੜਕੇ ਭਿੰਡਰਾਂਵਾਲੇ ਕੋਲ ਜਾਦੀ ਆ,(ਉਸਦੇ ਦਿਮਾਗ਼ ਚ ਇਹੀ ਹੋਵੇਗਾ ਕੇ ਭਿੰਡਰਾਂਵਾਲੇ ਨੇ ਸਟੇਜਾਂ ਤੇ ਲਲਕਾਰ ਕੇ ਆਖਿਆ ਹੈ ਕਿ ਕੇ ਕੋਈ ਵੀ ਕਿਸੇ ਧੀ ਭੈਣ ਨਾਲ ਬਲਾਤਕਾਰ ਜਾਂ ਛੇੜਛਾੜ ਕਰਦਾ ਹੈ ਤਾ ਉਸ ਜਾਲਮ ਨੂੰ ਸੋਧਾ ਲਾਕੇ ਆ ਜਾਓ,ਮੈ ਸਾਂਭਾਂਗਾ),,,,ਪਰ ਕਹਿਣੀ ਤੇ ਕਰਨੀ ਚ ਫ਼ਰਕ ਨਿਕਲਿਆ,,ਬਲਜੀਤ ਕੌਰ ਉਸੇ ਆਸ ਨਾਲ ਜਾਦੀ ਹੈ ਕੇ ਮੈਂ ਭਿੰਡਰਾਵਾਲੇ ਨੂੰ ਸਾਰੀ ਗੱਲ ਦੱਸਾਂਗੀ,,ਭਿੰਡਰਾਵਾਲਾ ਮੈਨੂੰ ਸਾਬਾਸੀ ਦੇਵੇਗਾ ਤੇ ਧੀ ਵਾਂਗ ਸਾਂਭੇਗਾ,,,ਪਰ ਹੋਇਆ ਉਸਦੀ ਸੋਚ ਦੇ ਬਿਲਕੁਲ ਉਲਟ,,ਭਿੰਡਰਾਵਾਲੇ ਦੀ ਕਹਿਣੀ ਤੇ ਕਰਨੀ ਚ ਜਮੀਨ ਅਸਮਾਨ ਦਾ ਫ਼ਰ ਨਿਕਲਿਆ ??? ਬਲਜੀਤ ਕੌਰ ਦੂਰੋਂ ਰਿਵਾਲਵਰ ਲਹਿਰਾਉਂਦੀ ਵੇਖਕੇ ਆਪਣੇ ਸਾਥੀਆਂ ਨੂੰ ਆਖ ਦਿੰਦਾ ਹੈ ਕਿ ਇਸ ਪਾਗਲ ਔਰਤ ਨੂੰ ਇੱਥੋਂ ਲੈ ਜਾਵੋ,,ਭਿੰਡਰਾਵਾਲੇ ਦੇ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਵਰਗੇ ਪੰਜ ਚਾਰ ਹੋਰ ਚੇਲੇ ਬਲਜੀਤ ਕੌਰ ਨੂੰ ਫੜਕੇ ਅਕਾਲ ਤਖਤ ਦੇ ਨਾਲ ਲੱਗਦੇ ਕਮਰੇ ਵਿੱਚ ਲੈ ਜਾਂਦੇ ਹਨ,,ਇਨੇ ਟਾਈਮ ਤੱਕ ਸੋਢੀ ਦੇ ਕਤਲ ਦਾ ਭਿੰਡਰਾਵਾਲੇ ਨੂੰ ਪਤਾ ਲੱਗ ਜਾਂਦਾ ਹੈ,,,ਭਿੰਡਰਾਵਾਲੇ ਦੇ ਸਮਰਥਕਾਂ ਵੱਲੋਂ ਵੈਸੇ ਵੀ ਅਟੈਕ ਸਮੇ ਬਹੁਤ ਗੱਪ ਕਹਾਣੀਆਂ ਸੁਣਾਈਆਂ ਗਈਆਂ,ਜਿਹੜੀਆਂ ਹੁਣ ਹੌਲੀ-੨ ਝੂਠੀਆਂ ਸਾਬਿਤ ਹੋ ਰਹੀਆਂ ਹਨ,ਕਿਉਂਕਿ ਮੀਡੀਆ ਵਿੱਚ ਬਹੁਤ ਚਸ਼ਮਦੀਦ ਗਵਾਹ ਸਾਹਮਣੇ ਆ ਚੁੱਕੇ ਹਨ,ਜਿਨ੍ਹਾਂ ਨੇ ਝੂਠ ਤੋ ਪਰਦਾ ਚੁੱਕ ਦਿੱਤਾ ਹੈ,,,ਸੋਢੀ ਦੇ ਕਤਲ ਦੀ ਵੀ ਝੂਠੀ ਕਹਾਣੀ ਬਣਾਈ ਗਈ ਸੀ ਕੇ ਬਲਜੀਤ ਕੌਰ ਲੌਂਗੋਵਾਲ ਦੇ ਕਹਿਣ ਤੇ ਭਿੰਡਰਾਵਾਲੇ ਨੂੰ ਮਾਰਨ ਆਈ ਸੀ,,ਅਗਰ ਉਸਨੇ ਮਾਰਨਾ ਹੁੰਦਾ ਤਾ ਪਿਸਟਲ ਉੱਪਰ ਕਰਕੇ ਲਹਿਰਾਉਦੀ-੨ ਆਉਣ ਦੀ ਕੀ ਲੋੜ ਸੀ ???

ਉਸਤੋਂ ਬਾਅਦ ਬਲਜੀਤ ਕੌਰ ਨੂੰ ਕਮਰੇ ਵਿੱਚ ਬੰਦ ਕਰਕੇ ਹੱਥ ਪੈਰ ਬੰਨਕੇ ਭਿੰਡਰਾਂਵਾਲੇ ਦੇ ਸਾਹਮਣੇ ਅੰਨਾ ਤਸ਼ੱਦਦ ਕਰਨਾ,ਛਾਤੀਆਂ ਤੇ ਗੁਪਤ ਅੰਗਾਂ ਨੂੰ ਗਰਮ ਸਰੀਆ ਨਾਲ ਪਾੜ ਦੇਣਾ,,,ਜ਼ੁਲਮ ਕਰਕੇ ਟੁਕੜੇ-੨ ਕਰਕੇ ਬਾਹਰ ਸੁੱਟ ਆਉਣਾ,,,ਇਹ ਕਿਹੋ ਜਿਹੀ ਤੇ ਕਿਹੜੇ ਮਕਸਦ ਨੂੰ ਲੈਕੇ ਇਹ ਜੰਗ ਲੜੀ ਜਾ ਰਹੀ ਸੀ! ਦਸ ਨੰਬਰੀਏ,ਲੁਟੇਰਿਆਂ,ਬਲੈਕੀਆ ਤੇ ਕਾਤਲਾਂ ਨੇ ਪੁਲਿਸ ਤੋ ਬਚਣ ਲਈ ਗੁਰੂ ਰਾਮਦਾਸ ਸਰਾਂ ਵਿੱਚ ਠਿਕਾਣੇ ਬਣਾ ਰੱਖੇ ਸੀ,,,,ਲੁੱਟਾਂ ਖੋਹਾਂ ਤੇ ਕਤਲਾ ਦੀਆ ਵਾਰਦਾਤਾਂ ਕਰਕੇ ਦਰਬਾਰ ਸਾਹਿਬ ਚ ਲੁਕ ਜਾਂਦੇ ਸਨ,,,ਸੱਚ ਤਾਂ ਇਹ ਹੈ ਕੇ ਪੰਜਾਬ ਖਾਸ ਕਰਕੇ ਸਿੱਖਾਂ ਦੀ ਬਰਬਾਦੀ ਦਾ ਦੂਜਾ ਨਾਮ ਭਿੰਡਰਾਵਾਲਾ ਹੈ,,ਜਿਹੜਾ ਹੱਸਦੇ ਵੱਸਦੇ ਇੱਕ ਨੰਬਰ ਸੂਬੇ ਨੂੰ 50 ਸਾਲ ਪਿੱਛੇ ਪਾ ਗਿਆ! ਉਸਤੋਂ ਬਾਅਦ 85 ਤੋ 92 ਤੱਕ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ,ਸਿੱਖ ਨੌਜਵਾਨ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾ ਦਿੱਤੇ! ਪੁਲਿਸ ਤੇ ਸੀ ਆਰ ਪੀ ਵਾਲੇ ਵੀ ਮਾਰੇ ਗਏ! ਕੌੜੀ ਸੱਚਾਈ ਇਹ ਹੈ ਦਿੱਲੀ ਸਿੱਖ ਕਤਲੇਆਮ ਲਈ ਵੀ ਅਸਿੱਧੇ ਭਿੰਡਰਾਵਾਲਾ ਅਤੇ ਕਾਂਗਰਸ ਪਾਰਟੀ ਜਿੰਮੇਵਾਰ ਹੈ,,ਐਕਸਨ ਦਾ ਰੀਐਕਸਨ ਹੋਇਆ ?? ਅੱਧੀ ਕੌਮ ਮਰਵਾਕੇ ਭਿੰਡਰਾਂਵਾਲੇ ਨੇ ਪ੍ਰਾਪਤੀ ਕੀ ਕੀਤੀ ਆ ?? ਅਸੀਂ ਵੀ ਉਸ ਸਮੇਂ ਕਾਲਜ ਟਾਈਮ ਭਿੰਡਰਾਂਵਾਲੇ ਦੇ ਫੁੱਲ ਸੁਪੋਟਰ ਹੁੰਦੇ ਸੀ,ਆਈਡਲ ਮੰਨਦੇ ਸੀ ,,,ਕਾਲਜ ਟਾਈਮ ਉਮਰ ਇਹੋ ਜਿਹੀ ਹੁੰਦੀ ਆ ਕੇ ਇਨਸਾਨ ਜਜ਼ਬਾਤਾ ਚ ਆ ਜਾਂਦਾ,ਫੈਡਰੇਸ਼ਨ ਵਿੱਚ ਪੂਰੇ ਸਰਗਰਮ ਰਹਿੰਦੇ ਸੀ,,,ਪਰੰਤੂ ਹੁਣ ਕੁਝ ਸਾਲਾਂ ਤੋਂ ਜੋ ਚਸ਼ਮਦੀਦ ਗਵਾਹਾਂ ਦਾ ਜੋ ਸੱਚ ਸਾਹਮਣੇ ਆ ਰਿਹਾ,,ਉਸਤੋ ਮੁਨਕਰ ਨਹੀਂ ਹੋਇਆ ਜਾ ਸਕਦਾ! ਨਵੀਂ ਸਿੱਖ ਨੌਜਵਾਨ ਪੀੜੀ ਨੂੰ ਵੀ ਕਿਸੇ ਦੇ ਬਹਿਕਾਵੇ ਚ ਆਉਣ ਦੀ ਲੋੜ ਨਹੀਂ! ਸਹੀ ਹਿਸਟਰੀ ਪੜ ਲੈਣੀ ਚਾਹੀਦੀ ਹੈ! ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨ ਲਈ ਵੱਧ ਤੋਂ ਵੱਧ ਪੜ੍ਹਾਈ ਕਰਕੇ ਕਿਸੇ ਮੁਕਾਮ ਤੇ ਪਹੁੰਚਣ ਦੀ ਲੋੜ ਆ! ਜਿਸ ਮੁਕਾਮ ਦਾ ਫ਼ਾਇਦਾ ਪੰਜਾਬ ਦੀ ਤਰੱਕੀ ਅਤੇ ਵਿਕਾਸ ਵਿੱਚ ਜ਼ਰੂਰ ਹੋਵੇਗਾ!

0ਬਾਗੀ ਕਲਮ+ਹੱਕ ਸੱਚ ਦੀ ਆਵਾਜ਼

# ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਵੱਡੀ ਖ਼ਬਰ; ਸਿੱਖਿਆ ਬੋਰਡ ਨੇ ਜਾਰੀ ਕੀਤੇ ਨਵੇਂ ਹੁਕਮ

ਚੰਡੀਗੜ੍ਹ-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 8ਵੀਂ ਤੋਂ 12ਵੀਂ ਕਲਾਸ ਤੱਕ ਵਿਦਿਆਰਥੀਆਂ ਵੱਲੋਂ ਦਾਖਲਾ ਲੈਣ ਦੀ ਮਿਤੀ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧੀ ਸਿੱਖਿਆ ਬੋਰਡ ਵੱਲੋਂ ਸਾਰੇ ਸਕੂਲਾਂ ਨੂੰ ਸੂਚਿਤ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਲੋਂ ਅਕਾਦਮਿਕ ਸਾਲ 2025-26 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਲਈ ਸਕੂਲਾਂ ਵਿੱਚ ਦਾਖਲਾ ਲੈਣ ਵਾਲੇ ਰੈਗੂਲਰ ਵਿਦਿਆਰਥੀਆਂ ਵਾਸਤੇ ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ 2025 ਨਿਰਧਾਰਿਤ ਕੀਤੀ ਜਾਂਦੀ ਹੈ।

# ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਹੇਠ ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, ਕਾਰਜਕਾਰੀ ਅਧਿਕਾਰੀ ਅਤੇ ਦੋ ਹੋਰਨਾਂ ਵਿਰੁੱਧ ਪਰਚਾ ਦਰਜ



ਚੰਡੀਗੜ੍ਹ :-ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਤਰਨਤਾਰਨ ਦੇ ਸਾਬਕਾ ਵਿਧਾਇਕ ਦੇ ਪੁੱਤਰ ਅਤੇ ਨੂੰਹ ਸਮੇਤ ਨਗਰ ਕੌਂਸਲ ਤਰਨਤਾਰਨ ਦੇ ਕਾਰਜਕਾਰੀ ਅਧਿਕਾਰੀ (ਈ.ਓ) , ਕਲਰਕ ਅਤੇ ਇੱਕ ਫਰਮ ਦੇ ਮਾਲਕ ਵਿਰੁੱਧ ਕੌਂਸਲ ਦੇ ਫੰਡਾਂ ਵਿੱਚ ਵੱਡੀ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਉਕਤ ਮੁਲਜ਼ਮ ਈ.ਓ., ਕਲਰਕ ਅਤੇ ਫਰਮ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਹੋਈ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਨੂੰ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਜਾਂਚ ਦੇ ਆਧਾਰ 'ਤੇ, ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੀ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(2) ਦੇ ਨਾਲ-ਨਾਲ 13(1) ਅਤੇ ਆਈਪੀਸੀ ਦੀ ਧਾਰਾ 409, 420, 465, 467, 468, 471, 120-ਬੀ ਦੇ ਤਹਿਤ ਐਫਆਈਆਰ ਨੰਬਰ 22, ਮਿਤੀ 02.05.2025 ਦਰਜ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੇ ਮੁਲਜ਼ਮਾਂ ਵਿੱਚ ਸ਼ਰਨਜੀਤ ਕੌਰ, ਕਾਰਜਕਾਰੀ ਅਧਿਕਾਰੀ (ਹੁਣ ਮੁਅੱਤਲ) ਅਤੇ ਨਗਰ ਕੌਂਸਲ ਤਰਨਤਾਰਨ ਦਾ ਕਲਰਕ ਨਰਿੰਦਰ ਕੁਮਾਰ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦਾ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਅਤੇ ਉਨ੍ਹਾਂ ਦੀ ਨੂੰਹ ਜੋਤੀ ਸਚਦੇਵਾ, ਜੋ ਕਿ ਮੈਸਰਜ਼ ਐਮ.ਕੇ. ਪਦਮ ਪੈਟਰੋਲੀਅਮ ਦੀ ਮਾਲਕ ਹੈ ਅਤੇ ਨਿਊ ਪਵਨ ਨਗਰ, ਅੰਮ੍ਰਿਤਸਰ ਦਾ ਰਹਿਣ ਵਾਲਾ ਰਾਜੀਵ ਗੁਪਤਾ, ਜੋ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸਆਰ ਐਂਟਰਪ੍ਰਾਈਜ਼ਿਜ਼ ਲਿਮਟਿਡ ਦਾ ਸ਼ੇਅਰਧਾਰਕ ਹੈ, ਸ਼ਾਮਲ ਹਨ।

ਇਸ ਕੇਸ ਵਿੱਚ, ਸ਼ਰਨਜੀਤ ਕੌਰ, ਈ.ਓ. ਅਤੇ ਨਰਿੰਦਰ ਕੁਮਾਰ ਕਲਰਕ,ਦੋਵੇਂ ਨਗਰ ਕੌਂਸਲ, ਤਰਨਤਾਰਨ ਵਿਖੇ ਤਾਇਨਾਤ, ਅਤੇ ਉਕਤ ਪ੍ਰਾਈਵੇਟ ਫਰਮ ਦੇ ਮਾਲਕ ਰਾਜੀਵ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਖੁਲਾਸਾ ਕੀਤਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਕਾਰਜਕਾਰੀ ਅਧਿਕਾਰੀ ਦੁਆਰਾ 2017-2022 ਦੇ ਸਾਲਾਂ ਦੌਰਾਨ ਧੋਖਾਧੜੀ ਵਾਲੇ ਲੈਣ-ਦੇਣ ਕੀਤੇ ਗਏ ਸਨ। ਉਸਨੇ ਮੈਸਰਜ਼ ਸਿੱਧੂ ਕੰਸਟਰਕਸ਼ਨ ਕੰਪਨੀ, ਮੈਸਰਜ਼ ਬ੍ਰਦਰ ਕੰਸਟਰਕਸ਼ਨ ਕੰਪਨੀ ਅਤੇ ਮੈਸਰਜ਼ ਫਰੈਂਡਜ਼ ਐਸੋਸੀਏਸ਼ਨ ਨੂੰ ਵੱਖ-ਵੱਖ ਚੈੱਕਾਂ ਰਾਹੀਂ ਗਲਤ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦੇ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲੀਭੁਗਤ ਕਰਕੇ, ਦੋਸ਼ੀ ਈ.ਓ. ਨੇ ਉਨ੍ਹਾਂ ਦੀ ਕੰਪਨੀਆਂ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਵੀ ਜਾਅਲੀ ਭੁਗਤਾਨ ਕੀਤੇ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ, ਉਕਤ ਜਾਅਲੀ ਅਦਾਇਗੀਆਂ ਦੀ ਰਿਕਵਰੀ ਤਾਂ ਹੋ ਗਈ , ਪਰ 27,88,000 ਰੁਪਏ ਦੀ ਰਕਮ ਅਜੇ ਵੀ ਬਕਾਇਆ ਹੈ। ਜਾਂਚ ਦੌਰਾਨ ਇਹ ਵੀ ਪਾਇਆ ਗਿਆ ਕਿ ਸੰਦੀਪ ਕੁਮਾਰ ਅਗਨੀਹੋਤਰੀ ਨੂੰ ਆਪਣੀ ਪਤਨੀ ਜੋਤੀ ਸਚਦੇਵਾ ਦੀ ਮਾਲਕੀਵਾਲੇ ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਦੇ ਨਾਮ 'ਤੇ ਜਾਰੀ ਕੀਤੇ 4,41,03,086 ਰੁਪਏ ਦੇ ਜਾਅਲੀ ਭੁਗਤਾਨ ਵੀ ਪ੍ਰਾਪਤ ਕੀਤੇ ਸਨ। ਬਾਅਦ ਵਿੱਚ, ਸੰਦੀਪ ਅਗਨੀਹੋਤਰੀ ਨੇ ਇਸ ਜਾਅਲੀ ਅਦਾਇਗੀ ਦਾ ਕੁਝ ਹਿੱਸਾ ਨਗਰ ਕੌਂਸਲ ਤਰਨਤਾਰਨ ਦੇ ਖਾਤਿਆਂ ਵਿੱਚ ਵਾਪਸ ਜਮ੍ਹਾ ਕਰਵਾ ਦਿੱਤਾ , ਪਰ 35,45,404 ਰੁਪਏ ਅਜੇ ਵੀ ਬਕਾਇਆ ਹਨ। ਬਕਾਇਆ ਬਿੱਲਾਂ ਦੇ ਆਂਸ਼ਿਕ ਅਦਾਇਗੀ ਤੋਂ ਬਾਅਦ, ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਵੱਲ ਕੁੱਲ 1,05,30,628 ਰੁਪਏ ਦੀ ਬਕਾਇਆ ਰਕਮ ਪਾਈ ਗਈ। ਇਸ ਤੋਂ ਇਲਾਵਾ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ, ਪੰਜਾਬ ਵੱਲੋਂ ਪ੍ਰਦਾਨ ਕੀਤੀ ਗਈ ਵਿਭਾਗੀ ਨਿਰੀਖਣ ਰਿਪੋਰਟ ਦੇ ਅਨੁਸਾਰ, ਈ.ਓ. ਸ਼ਰਨਜੀਤ ਕੌਰ ਨੇ ਕਲਰਕ ਰਾਜੀਵ ਕੁਮਾਰ, (ਹੁਣ ਮ੍ਰਿਤਕ), ਜੋ ਕਿ ਉਸਦੇ ਦਫ਼ਤਰ ਵਿਖੇ ਤਾਇਨਾਤ ਸੀ ਅਤੇ ਉਕਤ ਕਲਰਕ ਨਰਿੰਦਰ ਕੁਮਾਰ , ਨੂੰ ਬਿਨਾਂ ਕਿਸੇ ਬਿੱਲ ਜਾਂ ਵਰਕ ਆਰਡਰ ਦੇ ਭੁਗਤਾਨ ਜਾਰੀ ਕੀਤੇ ਸਨ।

ਤੱਥਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਈਓ ਸ਼ਰਨਜੀਤ ਕੌਰ ਨੇ ਉਕਤ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲ ਕੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਉਸ ਦੀਆਂ ਫਰਜ਼ੀ ਫਰਮਾਂ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਗੈਰ-ਕਾਨੂੰਨੀ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਇਹ ਵੀ ਪਾਇਆ ਗਿਆ ਕਿ 14,61,980 ਰੁਪਏ, 3,25,000 ਰੁਪਏ ਅਤੇ 2,09,400 ਰੁਪਏ ਦੀ ਅਦਾਇਗੀ ਬਿਨਾਂ ਕਿਸੇ ਟੈਂਡਰ ਜਾਂ ਕੋਟੇਸ਼ਨ ਦੇ ਵੱਖ-ਵੱਖ ਫਰਮਾਂ ਨੂੰ ਕੀਤੀ ਗਈ ਸੀ।

# ਆਈ ਈ ਏ ਟੀ ਅਧਿਆਪਕਾਂ ਨੇ ਐਸਡੀਐਮ ਫਿਲੌਰ ਨੂੰ ਸੌਂਪਿਆ ਮੰਗ ਪੱਤਰ, ਕਿਹਾ- ਸੀਐਮ ਮਾਨ ਦਾ 4 ਮਈ ਨੂੰ ਕਰਾਂਗੇ ਵਿਰੋਧ



ਆਈ ਈ ਏ ਟੀ ਅਧਿਆਪਕਾਂ ਨਾਲ ਕੀਤੇ ਵਾਅਦੇ ਤੋਂ ਸਰਕਾਰ ਮੁੱਕਰ ਰਹੀ ਹੈ ਅਤੇ ਮੀਟਿੰਗਾਂ ਦੇਣ ਤੋਂ ਬਾਅਦ ਵੀ ਯੂਨੀਅਨ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਜਿਸ ਕਾਰਨ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਪਿੰਡ ਧਨੀ ਅਤੇ ਪਿੰਡ ਲਖਣਪਾਲ ਤਹਿਸੀਲ ਫਿਲੌਰ, ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦਾ 04 ਮਈ ਨੂੰ ਪ੍ਰੋਗਰਾਮ ਹੈ।

ਯੂਨੀਅਨ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਮੁੱਖ ਮੰਤਰੀ ਨੂੰ ਕਾਲੇ ਝੰਡੇ ਦਿਖਾਏ ਜਾਣਗੇ ਅਤੇ ਪ੍ਰੋਗਰਾਮ ਦੇ ਦੌਰਾਨ ਨਾਅਰੇਬਾਜ਼ੀ ਕੀਤੇ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਆਈ. ਈ. ਏ ਟੀ ਅਧਿਆਪਕ ਸਾਥੀਆਂ ਨੂੰ ਪਹੁੰਚਣਗੇ। ਇਹ ਜਾਣਕਾਰੀ ਸਟੇਟ ਪ੍ਰਧਾਨ ਗੁਰਲਾਲ ਸਿੰਘ ਟੂਰ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸਾਹਿਬਾਨ ਪ੍ਰਧਾਨ ਤਰਨਦੀਪ ਸਿੰਘ ਅਤੇ ਰਾਕੇਸ਼ ਕੁਮਾਰ ਨੇ ਦਿੱਤੀ।

ਇਸ ਸਬੰਧੀ ਐਸਡੀਐਮ ਫਿਲੌਰ ਨੂੰ ਦਿੱਤਾ ਗਿਆ, ਜਿਸ ਵਿੱਚ ਮੈਡਮ ਕਸ਼ਮੀਰ ਕੌਰ ਤੇ ਮੈਡਮ ਬਲਜਿੰਦਰ ਕੌਰ ਫਿਲੌਰ ਹਜ਼ਾਰ ਸਨ।

# ਦੇਸ਼ ਦੇ ਬਹਾਦਰ ਰਾਖਿਆਂ ਨੂੰ ਸਮਰਪਿਤ ਖ਼ੂਨਦਾਨ ਕੈਂਪ 11 ਮਈ ਨੂੰ



ਫਗਵਾੜਾ-(ਸੁਸ਼ੀਲ ਸ਼ਰਮਾ )ਪਹਿਲਗਾਮ ਵਿੱਚ ਅੱਤਵਾਦੀਆਂ ਵਲੋਂ ਨਰਿਦੋਸ਼ ਸੈਲਾਨੀਆਂ ਦੇ ਕਤਲ ਦੇ ਜਵਾਬ ਵਿੱਚ ਭਾਰਤੀ ਫੌਜਾਂ ਵਲੋਂ ਜਾਰੀ ਉਪਰੇਸ਼ਨ ਸਿੰਧੂਰ ਤਹਿਤ ਕਾਰਵਾਈ ਤੋਂ ਬੌਖਲਾਏ ਪਾਕਿਸਤਾਨ ਵਲੋਂ ਐਲਾਨੀ ਜੰਗ ਅਤੇ ਸੰਭਾਵਿਤ ਹਾਲਾਤਾਂ ਦੇ ਮੱਦੇਨਜ਼ਰ ਭਾਰਤ ਦੇ ਜਾਂਬਾਜ਼ ਯੋਧਿਆਂ ਦੀ ਜੀਵਨ ਸੁਰੱਖਿਆ ਲਈ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ( ਰਜ਼ਿ) ਫਗਵਾੜਾ ਵਲੋਂ ਬੀ.ਐਸ.ਐਫ ਹੈਡਕੁਆਟਰ ਪੰਜਾਬ ਅਤੇ ਫਗਵਾੜਾ ਦੀਆਂ ਸਮੂਹ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਕੈਂਪ ਆਯੋਜਨ ਦੀ ਰੂਪ ਰੇਖਾ ਤਿਆਰ ਕਰਨ ਲਈ ਇੱਕ ਮੀਟਿੰਗ ਸ਼ਿਵ ਮੰਦਰ ਤਲਾਬ ਅਰੋੜਿਆਂ ਮੇਹਲੀ ਗੇਟ ਵਿਖੇ ਆਯੋਜਿਤ ਕੀਤੀ ਗਈ ਜਿਸ ਵਿੱਚ ਸ਼ਿਵ ਮੰਦਰ ਪੱਕਾ ਬਾਗ ਸਟਾਰਚ ਮਿੱਲ ਦੇ ਪ੍ਰਧਾਨ ਇੰਦਰਜੀਤ ਕਾਲੜਾ, ਹਿੰਦੂ ਧਾਰਮਿਕ ਤਿਉਹਾਰ ਕਮੇਟੀ ਦੇ ਅਹੁਦੇਦਾਰ ਐਡਵੋਕੇਟ ਰਵਿੰਦਰ ਸ਼ਰਮਾ, ਪਰਬਤ ਮੱਠ ਹਦੀਆਬਾਦ ਦੇ ਟ੍ਰਸਟੀ ਰਾਕੇਸ਼ ਦੁੱਗਲ, ਲਾਇਨ ਕਲੱਬ ਫਗਵਾੜਾ ਦੇ ਪ੍ਰਧਾਨ ਆਸ਼ੂ ਮਾਰਕੰਡਾ ਅਤੇ ਉੱਘੇ ਗਾਇਕ ਜਸਵੀਰ ਮਾਹੀ ਅਤੇ ਸ਼ਿਵ ਮੰਦਰ ਤਲਾਬ ਅਰੋੜਿਆਂ ਪ੍ਰਧਾਨ ਸੰਜੀਵ ਕੁਮਾਰ ਬੌਬੀ ਨੇ ਸਾਂਝੇ ਤੌਰ ਤੇ ਪ੍ਰੈਸ ਨੋਟ ਜਾਰੀ ਕਰਦਿਆਂ 11 ਮਈ ਐਤਵਾਰ ਨੂੰ ਸ਼ਿਵ ਮੰਦਰ ਤਲਾਬ ਅਰੋੜਿਆਂ ਮੇਹਲੀ ਗੇਟ ਫਗਵਾੜਾ ਵਿਖੇ ਖ਼ੂਨਦਾਨ ਕੈਂਪ ਦਾ ਫੈਸਲਾ ਲਿਆ । ਸਮੂਹ ਸਮਾਜ ਸੇਵੀ ਸੰਸਥਾਵਾਂ ਦੇ ਪਦਾਧਿਕਾਰੀਆਂ ਨੇ ਇੱਕ ਸੁਰ ਵਿੱਰ ਵਿੱਚ ਮੰਨਿਆ ਕਿ ਦੇਸ਼ ਦੇ ਜਵਾਨ ਸਾਡੇ ਪਰਿਵਾਰਿਕ ਮੈਂਬਰ ਹਨ ਅਤੇ ਕਿਸੇ ਵੀ ਜਵਾਨ ਦੀ ਕੀਮਤੀ ਜਾਨ ਖ਼ੂਨ ਦੀ ਕਮੀ ਦੇ ਕਾਰਣ ਨਹੀਂ ਜਾਣ ਦਿੱਤੀ ਜਾਵੇਗੀ । ਜ਼ਿਕਰਯੋਗ ਹੈ ਕਿ ਕਿ ਇਸ ਕੈਂਪ ਵਿੱਚ ਡੀ ਆਈ ਜੀ ਬੀ ਐਸ. ਐਫ ਹੈਡਕੁਆਟਰ ਪੰਜਾਬ ਡਾ. ਸ਼ਿਵ ਕੁਮਾਰ ਵਿਸ਼ੇਸ ਰੂਪ ਵਿੱਚ ਸ਼ਾਮਿਲ ਹੋਣਗੇ । ਕਲੱਬ ਦੇ ਸਾਬਕਾ ਪ੍ਰਧਾਨ ਵਿਕਰਮ ਗੁਪਤਾ ਅਤੇ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਨੇ ਸਮੂਹ ਸੰਸਥਾਵਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ । ਲੈਕ. ਹਰਜਿੰਦਰ ਗੋਗਨਾ ਵਲੋਂ ਸੰਚਾਲਿਤ ਇਸ ਮੀਟਿੰਗ ਵਿੱਚ ਵਿਤਿਨ ਪੁਰੀ, ਨੀਰਜ ਬਖਸ਼ੀ, ਰਮਨ ਛਾਬੜਾ, ਦਵਿੰਦਰ ਕੁਮਾਰ, ਰਾਜੀਵ ਸ਼ਰਮਾ, ਨਰੇਸ਼ ਕੋਹਲੀ, ਗਗਨ ਰਾਜ ਪੁਰੋਹਿਤ, ਜੁਗਨੂ ਸ਼ਰਮਾ ਹਾਜ਼ਰ ਸਨ ।

# ਜਵਾਨਾਂ ਲਈ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਲਗਾਏਗੀ ਖ਼ੂਨਦਾਨ ਕੈਂਪ



ਫਗਵਾੜਾ ( ਸੁਸ਼ੀਲ ਸ਼ਰਮਾ) ਪਹਲਿਗਾਮ ਵਿੱਚ ਅੱਤਵਾਦੀਆਂ ਵਲੋਂ ਨਿਰਦੋਸ਼ ਸੈਲਾਨੀਆਂ ਦੇ ਕਤਲ ਦੇ ਜਵਾਬ ਵਿੱਚ ਭਾਰਤੀ ਫੌਜਾਂ ਵਲੋਂ ਜਾਰੀ ਉਪਰੇਸ਼ਨ ਸਿੰਧੂਰ ਤਹਿਤ ਕਾਰਵਾਈ ਤੋਂ ਬੌਖਲਾਏ ਪਾਕਿਸਤਾਨ ਵ ਲੋਂ ਐਲਾਨੀ ਜੰਗ ਅਤੇ ਸੰਭਾਵਿਤ ਹਾਲਾਤਾਂ ਦੇ ਮੱਦੇਨਜ਼ਰ ਭਾਰਤ ਦੇ ਜਾਂਬਾਜ਼ ਯੋਧਿਆਂ ਦੀ ਜੀਵਨ ਸੁਰੱਖਿਆ ਲਈ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਦੀ ਅਗਵਾਈ ਵਿੱਚ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ( ਰਜ਼ਿ.) ਫਗਵਾੜਾ ਦਾ ਇੱਕ ਵਫ਼ਦ ਖ਼ੂਨਦਾਨ ਕੈਂਪ ਆਯੋਜਨ ਲਈ ਡੀ.ਆਈ.ਜੀ.ਬੀ.ਐਸ.ਐਫ.ਹੈਡਕੁਆਟਰ ਪੰਜਾਬ ਡਾ. ਸ਼ਿਵ ਕੁਮਾਰ ਨਾਲ ਮੁਲਾਕਾਤ ਕੀਤੀ। ਡਾ.ਸ਼ਿਵ ਕੁਮਾਰ ਨੇ ਕਿਹਾ ਕਿ ਅੱਤਵਾਦ ਮਾਨਵਤਾ ਲਈ ਬਹੁਤ ਵੱਡੀ ਚੁਣੌਤੀ ਹੈ। ਪ੍ਰੰਤੂ ਭਾਰਤ ਦੇ ਲੋਕਾਂ ਦੇ ਮਿਲ ਰਹੇ ਪਿਆਰ ਅਤੇ ਦੇਸ਼ ਭਗਤੀ ਭਰਪੂਰ ਵਤੀਰੇ ਨਾਲ ਸੁਰੱਖਿਆ ਬੱਲ ਮਜ਼ਬੂਤੀ ਨਾਲ ਖੜੇ ਹਨ। ਡਾ.ਸ਼ਿਵ ਨੇ ਲੋਕਾਂ ਨੂੰ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਖ਼ੂਨਦਾਨ ਦੀ ਅਪੀਲ ਕੀਤੀ। ਇਸ ਮੌਕੇ ਵਿਤਿਨ ਪੁਰੀ ਮੈਨੇਜਰ ਬੋਧ ਰਾਜ ਅਤੇ ਗਗਨ ਰਾਜ ਪੁਰੋਹਤਿ ਹਾਜ਼ਰ ਸਨ।

# ਪਿੰਡ ਢੱਕ ਪੰਡੋਰੀ 'ਚ ਗਰੀਨ ਪੰਜਾਬ ਮੁਹਿਮ ਤਹਿਤ ਬੂਟੇ ਲਗਾਉਣ ਦੀ ਹੋਈ ਸ਼ੁਰੂਆਤ



ਫਗਵਾੜਾ ( ਸੁਸ਼ੀਲ ਸ਼ਰਮਾ ) ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚਲਾਈ ਜਾ ਰਹੀ ਗਰੀਨ ਪੰਜਾਬ ਮੁਹਿੰਮ ਨੂੰ ਮੁੱਖ ਰੱਖਦਿਆਂ ਅੱਜ ਪਿੰਡ ਢੱਕ ਪੰਡੋਰੀ ਦੀ ਗ੍ਰਾਮ ਪੰਚਾਇਤ ਵਲੋਂ ਪਿੰਡ ਦੀ ਫਿਰਨੀ 'ਤੇ 101 ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪਹਿਲਾਂ ਬੂਟਾ ਆਪਣੇ ਹੱਥੀਂ ਲਗਾਇਆ ਅਤੇ ਪੰਜਾਬ ਸਰਕਾਰ ਦੀ ਮੁਹਿਮ ਤਹਿਤ ਪੰਚਾਇਤ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਹਰਿਆ-ਭਰਿਆ ਸ਼ੁੱਧ ਵਾਤਾਵਰਣ ਸਿਹਤ ਲਈ ਚੰਗਾ ਰਹਿੰਦਾ ਹੈ ਅਤੇ ਖੂਬਸੂਰਤੀ ਵੀ ਵਧਾਉਂਦਾ ਹੈ। ਇਸ ਦੌਰਾਨ ਉਹਨਾਂ ਨੇ ਪਿੰਡ ਦੇ ਅਧੂਰੇ ਕੰਮਾਂ ਦਾ ਜਾਇਜ਼ਾ ਲਿਆ ਅਤੇ ਪੰਚਾਇਤ ਨੂੰ ਭਰੋਸਾ ਦਿੱਤਾ ਕਿ ਪਿੰਡ ਦੇ ਵਿਕਾਸ ਲਈ ਗਰਾਂਟ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ । ਮਾਨ ਨੇ ਪਿੰਡ ਦੇ ਸਰਕਾਰੀ ਸਕੂਲ ਨੂੰ 10+2 ਤਕ ਪ੍ਰਮੋਟ ਕਰਵਾਉਣ ਲਈ ਸਿੱਖਿਆ ਮੰਤਰੀ ਅਤੇ ਸਿੱਖਿਆ ਵਿਭਾਗ ਪੰਜਾਬ ਨਾਲ ਰਾਬਤਾ ਕਰਨ ਦੀ ਗੱਲ ਵੀ ਕਹੀ। ਇਸ ਤੋਂ ਪਹਿਲਾਂ ਜੋਗਿੰਦਰ ਸਿੰਘ ਮਾਨ ਦਾ ਪਿੰਡ ਪਹੁੰਚਣ ਤੇ ਸਰਪੰਚ ਵਿਜੇ ਕੁਮਾਰ ਦੀ ਅਗਵਾਈ ਹੇਠ ਪੰਚਾਇਤ ਅਤੇ ਪਤਵੰਤਿਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੰਚਾਇਤ ਮੈਂਬਰ ਸਤਪਾਲ, ਬਲਵਿੰਦਰ ਪਾਲ, ਪ੍ਰੇਮ ਕੁਮਾਰ, ਕਮਲੇਸ਼ ਰਾਣੀ, ਨਿਰਮਲ ਕੌਰ, ਸੁਰਿੰਦਰ ਕੌਰ ਤੋਂ ਇਲਾਵਾ ਗਗਨ ਦੀਪ ਸਿੰਘ, ਧੰਨਪਤ ਰਾਏ, ਅਜੇ ਕੁਮਾਰ, ਕਾਰਤਿਕ ਬੋਧ, ਰਾਮ ਲੁਭਾਇਆ, ਲਾਡੀ, ਗੁਰਬਖਸ ਕੌਰ, ਨਿਕੋ ਰਾਣੀ, ਧਰਮ ਪਾਲ, ਅਮਰਜੀਤ ਰਾਮ ਆਦਿ ਹਾਜਰ ਸਨ।

# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ 6 ਮਈ ਨੂੰ ਹੋਈ ਕੈਬਨਿਟ ਸਬ ਕੁਮੇਟੀ ਨਾਲ ਮੀਟਿੰਗ ਆਖਰਕਾਰ ਲਿਆਈ ਰੰਗ



ਫਗਵਾੜਾ-ਜਲੰਧਰ ( ਸੁਸ਼ੀਲ ਸ਼ਰਮਾ ) ਪੰਜਾਬ ਸੁਬਾਰਡੀਨੇਟ ਸਰਵਿਸਿਜ ਫ਼ੈਡਰੈਸਨ1406-22 ਬੀ ਚੰਡੀਗੜ ਨਾਲ ਸੰਬਧਤ ਜੰਗਲਾਤ ਕਾਮਿਆ ਦੀ ਇਕੋ-ਇਕ ਸਿਰਮੋਰ ਸੰਘਰਸ਼ੀਲ ਜੰਥੇਬੰਦੀ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜਸ਼ੰਕਰ ਜਰਨਲ ਸਕੱਤਰ ਜਸਵੀਰ ਸਿੰਘ ਸੀਰਾ ਸੁਬਾਈ ਸਕੱਤਰ ਜਸਵਿੰਦਰ ਸਿੰਘ ਸੌਜਾ ਅਤੇ ਜੰਥੇਬੰਦੀ ਦੇ ਮੁੱਖ ਸਲਾਹਕਾਰ ਮੱਖਣ ਸਿੰਘ ਵਾਹਿਦਪੁਰੀ ਵੱਲੋਂ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵਿਚ ਪਿਛਲੇ 25-25ਸਾਲਾਂ ਤੋ ਨਿਗੋਣੀਆ ਤਨਖ਼ਾਹਾਂ ਤੇ ਡੇਲੀਵੇਜ ਕੰਮ ਕਰਦੇ ਕਾਮਿਆ ਨੂੰ ਬਿਨਾਂ ਸ਼ਰਤ ਪੱਕੇ ਕਰਵਾਉਣ ਲਈ 6ਮਈ ਨੂੰ ਹੋਈ ਕੈਬਨਿਟ ਸਬ ਕਮੇਟੀ ਦੇ ਨਾਲ ਹੋਈ ਮੀਟਿੰਗ ਆਖਰਕਾਰ ਰੰਗ ਲਿਆਈ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵਲੋ ਕੈਬਨਿਟ ਮੀਟਿੰਗ ਵਿੱਚ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ 900 ਡੇਲੀਵੇਜ ਕਾਮਿਆਂ ਨੂੰ ਦਿੱਤੀ ਮਨਜੂਰੀ ਜੰਗਲਾਤ ਦੇ ਡੇਲੀਵੇਜ ਕਾਮੇਂ ਜਲਦੀ ਜਾਣਗੇ ਪੱਕੇ, ਪ੍ਰੈਸ ਦੇ ਨਾ ਬਿਆਨ ਜਾਰੀ ਕਰਦਿਆਂ ਜਥੈਬੰਦੀ ਦੇ ਆਗੂਆਂ ਪਵਨ ਕੁਮਾਰ ਹੁਸ਼ਿਆਰਪੁਰ ਸੁਰਿੰਦਰ ਕੁਮਾਰ ਰਵੀਕਾਂਤ ਰੋਪੜ ਸੁਰਜੀਤ ਸਿੰਘ ਸਤਨਾਮ ਸਿੰਘ ਅਤੇ ਸੁਲੱਖਣ ਸਿੰਘ ਮੋਹਾਲੀ ਨੇ ਕਿਹਾ ਕਿ ਜਿੱਥੇ ਪਿੱਛਲੇ ਸਮੇ ਕੀਤੇ ਸੰਘਰਸ਼ ਨੂੰ ਬੂਰ ਪਿਆ,ਇਸ ਦੀਆਂ ਸਾਰੇ ਸਾਥੀਆਂ ਨੂੰ ਸੰਗਰਾਮੀ ਮੁਬਾਰਕਾਂ,ਇਸਦੇ ਨਾਲ ਇਸ ਫੈਸਲੇ ਨੂੰ ਲਾਗੂ ਕਰਾਉਣ ਅਤੇ ਪੱਕੇ ਹੋਣ ਤੋ ਰਹਿ ਗਏ,ਕਾਮੇ ਪੱਕੇ ਕਰਾਉਣ ਤੇ ਮੰਗ ਪੱਤਰ ਚ, ਦਰਜ ਹੋਰ ਮੰਗਾਂ ਲਈ ਸੰਘਰਸ ਜਾਰੀ ਰਹੇਗਾ,ਇਸ ਲਈ ਹੋਰ ਪ੍ਰਾਪਤੀਆਂ ਕਰਨ ਲਈ ਸੰਘਰਸ਼ ਦੇ ਪਿੜ ਪਹਿਲਾਂ ਨਾਲੋ ਤਕੜੇ ਹੋ ਕੇ ਮੱਲਣ ਲਈ ਤਿਆਰ ਰਹੋ।

# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਵਿਖੇ ਐਮਰਜੈਂਸੀ ਮੌਕ ਡ੍ਰਿਲ ਕਰਵਾਈ

ਫਗਵਾੜਾ – (ਸੁਸ਼ੀਲ ਸ਼ਰਮਾ )

ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਵਿੱਚ ਇੱਕ ਵਿਆਪਕ ਐਮਰਜੈਂਸੀ ਮੌਕ ਡ੍ਰਿਲ ਕਰਵਾਈ ਗਈ। ਜਿਸਦਾ ਉਦੇਸ਼ ਵਿਦਿਆਰਥੀਆਂ ਅਤੇ ਸਟਾਫ਼ ਨੂੰ ਅਣਕਿਆਸੀਆਂ ਸਥਿਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਤਿਆਰ ਕਰਨਾ ਸੀ। ਇਹ ਡ੍ਰਿਲ ਕਾਲਜ ਦੇ ਐਮਰਜੈਂਸੀ ਡ੍ਰਿਲ ਸੈੱਲ,ਐਨ.ਸੀ.ਸੀ ਅਤੇ ਐਨ.ਐਸ.ਐਸ. ਯੂਨਿਟ ਦੁਆਰਾ ਆਯੋਜਿਤ ਕੀਤੀ ਗਈ ।

ਇਸ ਮੌਕ ਡਰਿਲ ਵਿੱਚ ਲਗਭਗ 100 ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਪ੍ਰਿੰਸੀਪਲ ਡਾ. ਸਵਿੰਦਰ ਪਾਲ ਕੌਰ, ਵਾਈਸ ਪ੍ਰਿੰਸੀਪਲ ਡਾ. ਗੁਮਿੰਦਰ ਕੌਰ, ਡਾ. ਰਿੰਕਾ ਜੰਜੂਆ, ਮੈਡਮ ਖੁਸ਼ੀ ਅਤੇ ਐਮਰਜੈਂਸੀ ਡ੍ਰਿਲ ਸੈੱਲ ਦੇ ਮੈਂਬਰ ਮੈਡਮ ਨਿਧੀ ਜੱਸਲ ਅਤੇ ਮੈਡਮ ਸ਼ੁਭਸਮਿਤਾ ਸਾਹੂ ਸਮੇਤ ਸਤਿਕਾਰਯੋਗ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ।

ਮੈਡਮ ਸਾਹੂ ਨੇ ਐਮਰਜੈਂਸੀ ਤਿਆਰੀ ਦੇ ਮੁੱਖ ਪਹਿਲੂਆਂ ਨੂੰ ਉਜਾਗਰ ਕਰਨ ਵਾਲਾ ਇੱਕ ਜਾਣਕਾਰੀ ਭਰਪੂਰ ਸੈਸ਼ਨ ਕਰਵਾਇਆ। ਉਹਨਾਂ ਨੇ ਬਲੈਕਆਊਟ ਸਥਿਤੀਆਂ ਨਾਲ ਨਜਿੱਠਣ ਬਾਰੇ ਗੱਲ ਕੀਤੀ ਅਤੇ ਟਾਰਚ, ਪਾਵਰ ਬੈਂਕ ਅਤੇ ਮੋਮਬੱਤੀਆਂ ਵਰਗੀਆਂ ਜ਼ਰੂਰੀ ਚੀਜ਼ਾਂ ਨੂੰ ਸਟੋਰ ਕਰਨ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਵਿਦਿਆਰਥੀਆਂ ਨੂੰ ਸਿਰਫ਼ ਜਾਣਕਾਰੀ ਦੇ ਅਧਿਕਾਰਤ ਸਰੋਤਾਂ ਤੇ ਭਰੋਸਾ ਕਰਨ ਅਤੇ ਅਫਵਾਹਾਂ ਫੈਲਾਉਣ ਜਾਂ ਵਿਸ਼ਵਾਸ ਕਰਨ ਤੋਂ ਬਚਣ ਦੀ ਅਪੀਲ ਕੀਤੀ। ਭਾਗੀਦਾਰਾਂ ਨੂੰ ਐਮਰਜੈਂਸੀ ਸਾਇਰਨ ਸੁਣਨ ਤੇ ਪਾਲਣਾ ਕਰਨ ਵਾਲੀਆਂ ਪ੍ਰਕਿਰਿਆਵਾਂ ਬਾਰੇ ਸਿੱਖਿਆ ਦਿੱਤੀ ਗਈ, ਅਤੇ ਉਹਨਾਂ ਨੂੰ ਮੂਲ ਸੀਪੀਆਰ, ਅੱਗ ਤੋਂ ਨਿਕਾਸੀ ਤਕਨੀਕਾਂ, ਅਤੇ ਜ਼ਖਮੀ ਵਿਅਕਤੀਆਂ ਨੂੰ ਸਟਰੈਚਰ ਤੋਂ ਬਿਨਾਂ ਲਿਜਾਣ ਦੇ ਤਰੀਕਿਆਂ ਬਾਰੇ ਸਿਖਲਾਈ ਦਿੱਤੀ ਗਈ।

ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਵਿਦਿਆਰਥੀਆਂ ਨੂੰ ਐਮਰਜੈਂਸੀ ਦੌਰਾਨ ਸ਼ਾਂਤ ਰਹਿਣ ਅਤੇ ਹਰ ਕਿਸੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਉਨਾਂ ਨੇ ਇਸ ਸਫਲ ਅਭਿਆਸ ਲਈ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕਿਸੇ ਵੀ ਸੰਕਟ ਵਿੱਚ ਸਾਨੂੰ ਆਪਣੇ ਭਾਈਚਾਰੇ ਦੀ ਸੁਰੱਖਿਆ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਇਕ ਜਿੰਮੇਵਾਰ ਨਾਗਰਿਕ ਵਜੋ ਕੰਮ ਕਰਨਾ ਚਾਹੀਦਾ ਹੈ।ਇਹ ਕਾਮਯਾਬ ਡ੍ਰਿੱਲ ਕਾਲਜ ਵਲੋ ਆਪਣੀ ਸਮੁਦਾਇ ਦੀ ਸੁਰੱਖਿਆ ਅਤੇ ਤਿਆਰੀ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।



# ਜਵਾਨਾਂ ਲਈ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਲਗਾਏਗੀ ਖੂਨਦਾਨ ਕੈਂਪ



ਫਗਵਾੜਾ ( ਸੁਸ਼ੀਲ ਸ਼ਰਮਾ) ਪਹਲਿਗਾਮ ਵਿੱਚ ਅੱਤਵਾਦੀਆਂ ਵਲੋਂ ਨਿਰਦੋਸ਼ ਸੈਲਾਨੀਆਂ ਦੇ ਕਤਲ ਦੇ ਜਵਾਬ ਵਿੱਚ ਭਾਰਤੀ ਫੌਜਾਂ ਵਲੋਂ ਜਾਰੀ ਉਪਰੇਸ਼ਨ ਸਿੰਧੂਰ ਤਹਿਤ ਕਾਰਵਾਈ ਤੋਂ ਬੌਖਲਾਏ ਪਾਕਿਸਤਾਨ ਵਲੋਂ ਐਲਾਨੀ ਜੰਗ ਅਤੇ ਸੰਭਾਵਿਤ ਹਾਲਾਤਾਂ ਦੇ ਮੱਦੇਨਜ਼ਰ ਭਾਰਤ ਦੇ ਜਾਂਬਾਜ਼ ਯੋਧਿਆਂ ਦੀ ਜੀਵਨ ਸੁਰੱਖਿਆ ਲਈ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਦੀ ਅਗਵਾਈ ਵਿੱਚ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ( ਰਜਿ.) ਫਗਵਾੜਾ ਦਾ ਇੱਕ ਵਫ਼ਦ ਖੂਨਦਾਨ ਕੈਂਪ ਆਯੋਜਨ ਲਈ ਡੀ.ਆਈ. ਜੀ.ਬੀ.ਐਸ.ਐਫ.ਹੈਡਕੁਆਟਰ ਪੰਜਾਬ ਡਾ. ਸ਼ਿਵ ਕੁਮਾਰ ਨਾਲ ਮੁਲਾਕਾਤ ਕੀਤੀ । ਡਾ.ਸ਼ਿਵ ਕੁਮਾਰ ਨੇ ਕਿਹਾ ਕਿ ਅੱਤਵਾਦ ਮਾਨਵਤਾ ਲਈ ਬਹੁਤ ਵੱਡੀ ਚੁਣੌਤੀ ਹੈ । ਪ੍ਰੰਤੂ ਭਾਰਤ ਦੇ ਲੋਕਾਂ ਦੇ ਮਿਲ ਰਹੇ ਪਿਆਰ ਅਤੇ ਦੇਸ਼ ਭਗਤੀ ਭਰਪੂਰ ਵਤੀਰੇ ਨਾਲ ਸੁਰੱਖਿਆ ਬੱਲ ਮਜ਼ਬੂਤੀ ਨਾਲ ਖੜੇ ਹਨ । ਡਾ.ਸ਼ਿਵ ਨੇ ਲੋਕਾਂ ਨੂੰ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਖੂਨਦਾਨ ਦੀ ਅਪੀਲ ਕੀਤੀ । ਇਸ ਮੌਕੇ ਵਿਤਿਨ ਪੁਰੀ ਮੈਨੇਜਰ ਬੋਧ ਰਾਜ ਅਤੇ ਗਗਨ ਰਾਜ ਪੁਰੋਹਤਿ ਹਾਜ਼ਰ ਸਨ ।

# ਸਿਹਤ ਵਿਭਾਗ ਐਮਰਜੈਂਸੀ ਹਲਾਤਾਂ ਨਾਲ ਨਜਿੱਠਣ ਲਈ ਤਿਆਰ ਬਰ ਤਿਆਰ-ਡਾ.ਪਰਾਸ਼ਰ

ਫਗਵਾੜਾ-ਕਪੂਰਥਲਾ ( ਸੁਸ਼ੀਲ ਸ਼ਰਮਾ) ਐਮਰਜੈਂਸੀ ਹਾਲਾਤਾਂ ਨੂੰ ਦੇਖਦਿਆਂ ਆਮ ਜਨਤਾ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਮੁਸਤੈਦ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਕਪੂਰਥਲਾ ਡਾ.ਰਾਜੀਵ ਪਰਾਸ਼ਰ ਨੇ ਜ਼ਿਲ੍ਹਾ ਸਿਵਲ ਹਸਪਤਾਲ ਦਾ ਦੌਰਾ ਕਰਨ ਉਪਰੰਤ ਕੀਤਾ। ਉਹਨਾਂ ਕਿਹਾ ਕਿ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਅਮਿਤ ਕੁਮਾਰ ਪੰਚਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਸਾਰੇ ਹੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਵਲੋਂ ਜ਼ਿਲੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਦਾ ਨਰਿਖਣ ਕਰਕੇ ਸਿਹਤ ਸਹੂਲਤਾਂ ਦਾ ਜਾਇਜਾ ਲਿਆ ਗਿਆ। ਸਿਵਲ ਸਰਜਨ ਡਾ.ਰਾਜੀਵ ਪਰਾਸ਼ਰ ਨੇ ਦੱਸਿਆ ਕਿ ਸਿਹਤ ਵਿਭਾਗ ਕੋਲ ਹਰ ਤਰਾਂ ਦੀ ਐਮਰਜੈਂਸੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਹਨ। ਇਸ ਸੰਬਧ ਵਿਚ ਅੱਜ ਜਿਲੇ ਦੀਆਂ ਸਿਹਤ ਸੇਵਾਵਾਂ ਅਤੇ ਐਮਰਜੈਂਸੀ ਸਹੂਲਤਾਂ ਦਾ ਜਾਇਜਾ ਲੈਣ ਲਈ ਸਿਵਲ ਸਰਜਨ ਡਾ.ਰਾਜੀਵ ਪ੍ਰਾਸ਼ਰ,ਸਹਾਇਕ ਸਿਵਲ ਸਰਜਨ ਕਪੂਰਥਲਾ ਡਾ.ਅਨੂੰ ਸ਼ਰਮਾ ਵੱਲੋਂ ਸੁਲਤਾਨਪੁਰ ਲੋਧੀ,ਜਿਲਾ ਟੀਕਾਕਰਨ ਅਫ਼ਸਰ ਡਾ.ਰਣਦੀਪ ਸਿੰਘ ਵੱਲੋਂ ਸਿਵਲ ਹਸਪਤਾਲ ਫਗਵਾੜਾ ਦਾ ਦੌਰਾ ਕੀਤਾ ਗਿਆ। ਸਿਵਲ ਸਰਜਨ ਵੱਲੋਂ ਖੁਦ ਸਿਵਲ ਹਸਪਤਾਲ ਕਪੂਰਥਲਾ ਅਤੇ ਭੁਲੱਥ ਦੇ ਸਬ ਡਵੀਜ਼ਨਲ ਹਸਪਤਾਲ ਦਾ ਨਰਿਖਣ ਕੀਤਾ ਤਾਂ ਕਿ ਐਮਰਜੈਂਸੀ ਹਲਾਤਾਂ ਦੌਰਾਨ ਆਮ ਜਨਤਾ ਦੀ ਸਹੂਲਤ ਵਿਚ ਕੋਈ ਕਮੀ ਨਾ ਰਹੇ। ਡਾ.ਰਾਜੀਵ ਪਰਾਸ਼ਰ ਨੇ ਇਸ ਸੰਕਟ ਦੀ ਘੜੀ ਵਿਚ ਆਮ ਜਨਤਾ ਨੂੰ ਪ੍ਰਸ਼ਾਸਨ ਤੇ ਸਿਹਤ ਵਿਭਾਗ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।ਉਹਨਾਂ ਲੋਕਾਂ ਨੂੰ ਸਾਵਧਾਨ ਰਹਿਣ,ਅਫਵਾਹਾਂ ਤੋਂ ਬਚਣ ਲਈ ਕਿਹਾ। ਉਨ੍ਹਾਂ ਆਮ ਜਨਤਾ ਨੂੰ ਅਪੀਲ ਵੀ ਕੀਤੀ ਕਿ ਉਹ ਪ੍ਰਸ਼ਾਸਨ ਵੱਲੋਂ ਜਾਰੀ ਗਾਈਡਲਾਈਨਜ਼ ਦੀ ਪਾਲਣਾ ਕਰਨ। ਇਸ ਮੌਕੇ ਉਨ੍ਹਾਂ ਨਾਲ ਡੀ.ਐਮ.ਸੀ.ਡਾ.ਸੰਦੀਪ ਭੋਲ਼ਾ,ਐਸ.ਐਮ.ਓ.ਡਾ.ਇੰਦੂ ਬਾਲਾ,ਐਸ.ਐਮ.ਓ. ਡਾ.ਹਰਜਿੰਦਰ ਸਿੰਘ,ਡਾ.ਰਾਜੀਵ ਭਗਤ ਆਦਿ ਹਾਜ਼ਰ ਸਨ।



# ਵਿਆਹ ਦੀ 29ਵੀਂ ਵਰੇਗੰਢ ਮਨਾਈ।



ਮਲਕੀਤ ਚੁੰਬਰ ਅਤੇ ਕੁਲਵਿੰਦਰ ਕੌਰ ਦੇ ਵਾਸੀ ਨਕੋਦਰ ਨੇ ਵਿਆਹ ਦੀ 29ਵੀਂ ਵਰੇਗੰਢ ਮਨਾਈ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਨਿਆਂਇਕ ਕੰਮ ਅਤੇ ਵਿਦੇਸ਼ਾਂ ਨਾਲ ਪੱਤਰ ਵਿਹਾਰ ਵਿੱਚ ਹਿੰਦੀ ਲਾਜ਼ਮੀ ਕੀਤੀ ਜਾਵੇ, HMKP ਵਿਰੋਧ ਕਰੇਗਾ: ਰਾਕੇਸ਼ ਮਨੀ



ਕਾਨਪੁਰ (ਸੁਨੀਲ ਬਾਜਪਾਈ) ਹਿੰਦ ਮਜ਼ਦੂਰ ਕਿਸਾਨ ਪੰਚਾਇਤ ਜਲਦੀ ਹੀ ਇੱਕ ਰਾਸ਼ਟਰੀ ਕਾਨਫਰੰਸ ਦਾ ਆਯੋਜਨ ਕਰੇਗੀ ਅਤੇ ਇੱਕ ਜਨ ਅੰਦੋਲਨ ਸ਼ੁਰੂ ਕਰੇਗੀ ਜਿਸਦਾ ਇੱਕੋ ਇੱਕ ਉਦੇਸ਼ ਰਾਸ਼ਟਰੀ ਪੱਧਰ ਤੇ ਅਤੇ ਦੇਸ਼ ਤੋਂ ਬਾਹਰ ਕੀਤੇ ਜਾਣ ਵਾਲੇ ਸਾਰੇ ਪੱਤਰ ਵਿਹਾਰ ਨੂੰ ਸਿਰਫ਼ ਹਿੰਦੀ ਵਿੱਚ ਭੇਜਣਾ ਹੋਵੇਗਾ। ਰਾਸ਼ਟਰੀ ਸਕੱਤਰ ਅਤੇ ਸੂਬਾ ਜਨਰਲ ਸਕੱਤਰ ਰਾਕੇਸ਼ਮਣੀ ਪਾਂਡੇ ਨੇ ਇਸਨੂੰ ਮੰਦਭਾਗਾ ਅਤੇ ਨਿੰਦਣਯੋਗ ਦੱਸਿਆ ਹੈ ਕਿ ਜਲ ਸ਼ਕਤੀ ਮੰਤਰਾਲੇ ਦੀ ਸਕੱਤਰ ਸ਼੍ਰੀ ਦੇਵਸ਼੍ਰੀ ਮੁਖਰਜੀ ਨੇ ਪਾਕਿਸਤਾਨ ਦੇ ਸਕੱਤਰ ਸਈਦ ਅਲੀ ਮੁਰਤਜ਼ਾ ਨੂੰ ਹਿੰਦੀ ਦੀ ਬਜਾਏ ਅੰਗਰੇਜ਼ੀ ਵਿੱਚ ਪੱਤਰ ਲਿਖਿਆ। ਹਿੰਦੀ ਦੀ ਬਜਾਏ ਅੰਗਰੇਜ਼ੀ ਵਿੱਚ ਪੱਤਰ ਭੇਜਣ ਦਾ ਵਿਰੋਧ ਕਰਦੇ ਹੋਏ, ਉਨ੍ਹਾਂ ਦੋਸ਼ ਲਗਾਇਆ ਕਿ ਲਾਲ ਫੀਤਾਸ਼ਾਹੀ ਜ਼ਬਰਦਸਤੀ ਅੰਗਰੇਜ਼ੀ ਨੂੰ ਭਾਰਤ ਸਰਕਾਰ ਦੀ ਭਾਸ਼ਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮਜ਼ਦੂਰਾਂ ਦੇ ਸੀਨੀਅਰ ਆਗੂ ਰਾਕੇਸ਼ ਮਨੀ ਪਾਂਡੇ ਨੇ ਵੀ ਦਲੀਲ ਦਿੱਤੀ ਕਿ ਰਾਜ ਆਪਣੀ ਭਾਸ਼ਾ ਵਿੱਚ ਅੰਤਰ-ਮੰਤਰਾਲਾ ਪੱਤਰ ਵਿਹਾਰ ਕਰ ਸਕਦੇ ਹਨ। ਪਰ ਅੰਗਰੇਜ਼ੀ ਨੂੰ ਕਿਸੇ ਵੀ ਰੂਪ ਵਿੱਚ ਦੇਸ਼ ਦੀ ਭਾਸ਼ਾ ਵਜੋਂ ਸਵੀਕਾਰ ਨਹੀਂ ਕੀਤਾ ਜਾਂਦਾ। ਪ੍ਰਸਿੱਧ ਮਜ਼ਦੂਰ ਆਗੂ ਰਾਕੇਸ਼ ਮਨੀ ਪਾਂਡੇ ਨੇ ਵੀ ਕਿਹਾ ਕਿ ਇੰਨੇ ਸਾਲਾਂ ਬਾਅਦ ਵੀ ਅਸੀਂ ਆਪਣੀ ਰਾਸ਼ਟਰੀ ਭਾਸ਼ਾ ਹਿੰਦੀ ਨੂੰ ਸਥਾਪਿਤ ਨਹੀਂ ਕਰ ਸਕੇ ਹਾਂ, ਜੋ ਕਿ ਬਹੁਤ ਹੀ ਮੰਦਭਾਗਾ ਅਤੇ ਨਿੰਦਣਯੋਗ ਹੈ। ਹਿੰਦ ਮਜ਼ਦੂਰ ਕਿਸਾਨ ਪੰਚਾਇਤ ਦੇ ਰਾਸ਼ਟਰੀ ਸਕੱਤਰ ਅਤੇ ਸੂਬਾ ਜਨਰਲ ਸਕੱਤਰ ਰਾਕੇਸ਼ ਮਨੀ ਪਾਂਡੇ ਨੇ ਕਿਹਾ ਕਿ ਭਾਰਤ ਸਰਕਾਰ ਘੱਟੋ-ਘੱਟ ਇਹ ਯਕੀਨੀ ਬਣਾ ਸਕਦੀ ਹੈ ਕਿ ਵਿਦੇਸ਼ਾਂ ਨੂੰ ਜਾਰੀ ਕੀਤੇ ਗਏ ਪੱਤਰ ਹਿੰਦੀ ਵਿੱਚ ਭੇਜੇ ਜਾਣ। ਹਿੰਦ ਮਜ਼ਦੂਰ ਕਿਸਾਨ ਪੰਚਾਇਤ ਦੇ ਰਾਸ਼ਟਰੀ ਸਕੱਤਰ ਅਤੇ ਸੂਬਾ ਜਨਰਲ ਸਕੱਤਰ ਰਾਕੇਸ਼ਮਣੀ ਪਾਂਡੇ ਨੇ ਨਿਆਂਪਾਲਿਕਾ, ਡਾਕਟਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਵਿੱਚ ਹਿੰਦੀ ਨੂੰ ਲਾਜ਼ਮੀ ਬਣਾਉਣ ਦੀ ਮੰਗ ਕਰਦੇ ਹੋਏ ਕਿਹਾ ਕਿ ਅਜਿਹਾ ਕਰਨਾ ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਬਹੁਤ ਜ਼ਰੂਰੀ ਹੈ ਅਤੇ ਸਰਕਾਰ ਨੂੰ ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਿੰਦੂ ਮਜ਼ਦੂਰ ਕਿਸਾਨ ਪੰਚਾਇਤ ਜਲਦੀ ਹੀ ਇੱਕ ਰਾਸ਼ਟਰੀ ਕਾਨਫਰੰਸ ਦਾ ਆਯੋਜਨ ਕਰੇਗੀ ਅਤੇ ਇੱਕ ਜਨ ਅੰਦੋਲਨ ਸ਼ੁਰੂ ਕਰੇਗੀ ਜਿਸਦਾ ਇੱਕੋ ਇੱਕ ਉਦੇਸ਼ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਰਾਸ਼ਟਰੀ ਪੱਧਰ ਅਤੇ ਦੇਸ਼ ਤੋਂ ਬਾਹਰ ਸਾਰੇ ਪੱਤਰ ਵਿਹਾਰ ਹਿੰਦੀ ਵਿੱਚ ਭੇਜੇ ਜਾਣ। ਉਨ੍ਹਾਂ ਕਿਹਾ ਕਿ ਇਸ ਲਈ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਹਿੰਦੀ ਵਿੱਚ ਲਿਖਣ ਦੀ ਜ਼ਰੂਰਤ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਇਸ ਲਹਿਰ ਤਹਿਤ ਦੇਸ਼ ਦੇ ਸਾਰੇ ਚੌਰਾਹਿਆਂ ਅਤੇ ਥਾਵਾਂ ਤੇ ਪ੍ਰਚਾਰ ਲਈ ਲਗਾਏ ਗਏ ਅੰਗਰੇਜ਼ੀ ਬੋਰਡਾਂ ਤੇ ਕਾਲਾ ਰੰਗ ਕੀਤਾ ਜਾਵੇਗਾ। ਸੀਨੀਅਰ ਮਜ਼ਦੂਰ ਆਗੂ ਰਾਕੇਸ਼ ਮਨੀ ਪਾਂਡੇ ਨੇ ਕਿਹਾ ਕਿ ਹਿੰਦ ਮਜ਼ਦੂਰ ਕਿਸਾਨ ਪੰਚਾਇਤ ਕਿਸੇ ਵੀ ਕੀਮਤ ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਹਿੰਦੀ ਨੂੰ ਸਥਾਪਿਤ ਕਰਨ ਲਈ ਦ੍ਰਿੜ ਹੈ।

ਮਜ਼ਦੂਰ ਆਗੂ ਰਾਕੇਸ਼ਮਣੀ ਪਾਂਡੇ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਆਪਣੇ ਸਾਰੇ ਅਧੀਨ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅੰਗਰੇਜ਼ੀ ਛੱਡਣ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਹਿੰਦੀ ਵਿੱਚ ਪੱਤਰ ਵਿਹਾਰ ਕਰਨ ਦੇ ਨਿਰਦੇਸ਼ ਦੇਵੇ। ਪ੍ਰਸਿੱਧ ਮਜ਼ਦੂਰ ਆਗੂ ਰਾਕੇਸ਼ ਮਨੀ ਪਾਂਡੇ ਨੇ ਅਪੀਲ ਕੀਤੀ ਕਿ ਨਿਆਂਪਾਲਿਕਾ ਦੇ ਸਾਰੇ ਹੁਕਮ ਅਤੇ ਫੈਸਲੇ ਸਿਰਫ਼ ਹਿੰਦੀ ਵਿੱਚ ਲਿਖੇ ਜਾਣ, ਜਿਸ ਨਾਲ ਨਾ ਸਿਰਫ਼ ਦੇਸ਼ ਦਾ ਮਾਣ ਵਧੇਗਾ। ਸਗੋਂ, ਸਵੈ-ਨਿਰਭਰਤਾ ਅਤੇ ਸੁਤੰਤਰਤਾ ਵੀ ਪ੍ਰਤੀਬਿੰਬਤ ਹੋਵੇਗੀ। ਹਿੰਦ ਮਜ਼ਦੂਰ ਕਿਸਾਨ ਪੰਚਾਇਤ ਦੇ ਰਾਸ਼ਟਰੀ ਸਕੱਤਰ ਅਤੇ ਸੂਬਾ ਜਨਰਲ ਸਕੱਤਰ ਰਾਕੇਸ਼ਮਣੀ ਪਾਂਡੇ ਨੇ ਮੰਗ ਕੀਤੀ ਕਿ ਸਾਰੀਆਂ ਕਾਨੂੰਨ ਦੀਆਂ ਕਿਤਾਬਾਂ ਹਿੰਦੀ ਵਿੱਚ ਉਪਲਬਧ ਕਰਵਾਈਆਂ ਜਾਣ ਅਤੇ ਮੈਡੀਕਲ ਅਤੇ ਤਕਨੀਕੀ ਸਿੱਖਿਆ ਵਿੱਚ ਵੀ ਹਿੰਦੀ ਨੂੰ ਲਾਜ਼ਮੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਰਾਜਾਂ ਨੂੰ ਆਪਣੀ ਭਾਸ਼ਾ ਰਾਜ ਵਿੱਚ ਲਾਗੂ ਕਰਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਪਰ ਕਦੇ ਵੀ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਨਾ ਕਰੋ ਤਾਂ ਜੋ ਭਾਰਤ ਦੀ ਪ੍ਰਭੂਸੱਤਾ, ਏਕਤਾ, ਅਖੰਡਤਾ ਅਤੇ ਰਾਸ਼ਟਰਵਾਦ ਕਿਸੇ ਵੀ ਕੀਮਤ ਤੇ ਪ੍ਰਭਾਵਿਤ ਨਾ ਹੋਵੇ।

# ਬਲੱਡ ਬੈਂਕ ਨੇ ਭਾਰਤੀ ਫੌਜ ਨਾਲ ਇਕਜੁੱਟਤਾ ਦਰਸਾਉਣ ਲਈ ਲਗਾਇਆ ਖੂਨ ਦਾਨ ਕੈਂਪ



ਫਗਵਾੜਾ ( ਸੁਸ਼ੀਲ ਸ਼ਰਮਾ ) ਪੰਜਾਬ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਿਪਟੀ ਕਮਿਸ਼ਨਰ ਕਪੂਰਥਲਾ ਕਮ ਪ੍ਰਧਾਨ ਜਿਲ੍ਹਾ ਰੈੱਡ ਕਰਾਸ ਸੁਸਾਇਟੀ ਅਮਿਤ ਕੁਮਾਰ ਪੰਚਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤ-ਪਾਕਿਸਤਾਨ ਵਿਚਾਲੇ ਸਰਹੱਦਾਂ 'ਤੇ ਬਣੇ ਤਨਾਅ ਦੇ ਮੱਦੇਨਜ਼ਰ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਖ਼ੂਨ ਦਾਨ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਲਗਾਇਆ ਗਿਆ। ਕੈਂਪ ਦਾ ਉਦਘਾਟਨ ਰੇਸ਼ਮ ਚੰਦ ਬਿਰਹਾ ਸਕੱਤਰ ਡਿਸਟ੍ਰਿਕਟ ਰੈੱਡ ਕਰਾਸ ਸੁਸਾਇਟੀ ਕਪੂਰਥਲਾ ਨੇ ਕੀਤਾ। ਉਹਨਾਂ ਉਦਘਾਟਨੀ ਭਾਸ਼ਣ 'ਚ ਦੱਸਿਆ ਕਿ ਮਾਣਯੋਗ ਗਵਰਨਰ ਪੰਜਾਬ ਵਲੋਂ ਰੈੱਡ ਕਰਾਸ ਮੌਕੇ ਭਾਰਤੀ ਫੌਜ ਨਾਲ ਇਕਜੁੱਟਤਾ ਦਰਸਾਉਣ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਦਾ ਸੱਦਾ ਦਿੱਤਾ ਸੀ। ਉਹਨਾਂ ਦੱਸਿਆ ਕਿ ਇਸ ਕੈਂਪ ਦੌਰਾਨ ਡਿਸਟ੍ਰਿਕਟ ਰੈੱਡ ਕਰਾਸ, ਬਲੱਡ ਬੈਂਕ ਅਤੇ ਲਾਇਨਜ ਕਲੱਬ ਫਗਵਾੜਾ ਰਾਇਲ ਦੇ ਸਹਿਯੋਗ ਨਾਲ 31 ਯੁਨਿਟ ਖ਼ੂਨ ਇਕੱਤਰ ਕੀਤਾ ਗਿਆ। ਖ਼ੂਨ ਦਾਨ ਕਰਨ ਵਾਲੇ ਨੌਜਵਾਨਾਂ ਨੇ ਪੂਰੇ ਜੋਸ਼ ਨਾਲ ਕਿਹਾ ਕਿ ਉਹ ਭਾਰਤੀ ਫੌਜ ਅਤੇ ਦੇਸ਼ ਦੀ ਸੁਰੱਖਿਆ ਲਈ ਆਪਣੀਆਂ ਜਾਨਾਂ ਵਾਰਨ ਲਈ ਵੀ ਤਿਆਰ ਹਨ। ਇਸ ਮੌਕੇ ਲਾਇਨ ਵਿਕਾਸ ਕੋਛੜ, ਕਪਿਲ ਦੇਵ ਸ਼ਰਮਾ, ਮਨਪ੍ਰੀਤ ਸਿੰਘ, ਹਰਬੰਸ ਲਾਲ, ਗੁਰਮੀਤ ਪਲਾਹੀ, ਬਲੱਡ ਬੈਂਕ ਸਟਾਫ ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ, ਤਾਰਾ ਚੰਦ ਚੁੰਬਰ, ਕੁਲਦੀਪ ਦੁੱਗਲ, ਸੀਮਾ ਰਾਣਾ, ਵਿਪਨ ਖੁਰਾਣਾ, ਦੀਪਾ ਸੈਣੀ, ਜਸਵਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਪ੍ਰੇਮ ਨਗਰ ਆਦਿ ਹਾਜਰ ਸਨ।

# ਪਹਿਲੇ ਦਿਨ ਹੀ 541 ਜ਼ਿਲ੍ਹਾ ਵਾਸੀ ਸਿਵਲ ਡਿਫੈਂਸ ਲਈ ਸਵੈ ਇੱਛਾ ਨਾਲ ਅੱਗੇ ਆਏ



ਫਗਵਾੜਾ-ਅੰਮ੍ਰਿਤਸਰ ( ਸੁਸ਼ੀਲ ਸ਼ਰਮਾ ) ਭਾਰਤ ਪਾਕਿਸਤਾਨ ਜੰਗ ਦਰਮਿਆਨ ਅੱਜ ਜਦੋਂ ਜਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸੇਵਾਵਾਂ ਲਈ ਨਾਗਰਿਕਾਂ ਨੂੰ ਸਿਵਲ ਡਿਫੈਂਸ ਵਿੱਚ ਸਾਥ ਦੇਣ ਲਈ ਸਹਿਯੋਗ ਮੰਗਿਆ ਗਿਆ ਤਾਂ ਪਹਿਲੇ ਹੀ ਦਿਨ 541 ਨੌਜਵਾਨ ਅਤੇ ਹੋਰ ਨਾਗਰਿਕ ਆਪਣਾ ਯੋਗਦਾਨ ਦੇਣ ਲਈ ਅੱਗੇ ਆਏ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਮੇਜਰ ਅਮਿਤ ਸਰੀਨ ਨੇ ਕਰਦਿਆਂ ਦੱਸਿਆ ਕਿ ਅੱਜ ਰੈਡ ਕਰਾਸ ਦੀ ਸਹਾਇਤਾ ਨਾਲ ਅਸੀਂ ਸ਼ਹਿਰ ਦੀਆਂ ਵੱਖ-ਵੱਖ ਗੈਰ ਸਰਕਾਰੀ ਸੰਸਥਾਵਾਂ ਨਾਲ ਮੀਟਿੰਗ ਕੀਤੀ। ਇਹਨਾਂ 42 ਸੰਸਥਾਵਾਂ ਦੇ ਨੁਮਾਇੰਦਿਆਂ ਨੇ ਬੜੇ ਉਤਸ਼ਾਹ ਦੇ ਨਾਲ ਮੀਟਿੰਗ ਵਿੱਚ ਹਿੱਸਾ ਲਿਆ ਅਤੇ ਸਾਰਿਆਂ ਨੇ ਹੀ ਇੱਕ ਮੱਤ ਹੁੰਦੇ ਹੋਏ ਦੇਸ ਸੇਵਾ ਲਈ ਹਰ ਤਰ੍ਹਾਂ ਦਾ ਯੋਗਦਾਨ ਦੇਣ ਲਈ ਹਾਮੀ ਭਰੀ। ਉਹਨਾਂ ਦੱਸਿਆ ਕਿ ਸਾਡੀ ਇਸ ਮੌਕੇ ਮੁੱਖ ਲੋੜ ਵੱਖ ਵੱਖ ਖੇਤਰਾਂ ਵਿੱਚ ਆਪਣੇ ਨਾਗਰਿਕਾਂ ਦਾ ਸਹਿਯੋਗ ਦੀ ਰਹਿਣੀ ਹੈ। ਉਨਾਂ ਦੱਸਿਆ ਕਿ ਗੈਰ ਸਰਕਾਰੀ ਸੰਸਥਾਵਾਂ ਨੇ ਆਪਣੇ 476 ਵਲੰਟੀਅਰਾਂ ਨੂੰ ਸਿਵਿਲ ਡਿਫੈਂਸ ਵਿੱਚ ਭਰਤੀ ਹੋਣ ਲਈ ਮੌਕੇ ਉੱਤੇ ਫਾਰਮ ਭਰੇ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਐਨਸੀਸੀ ਦੇ ਨੌਜਵਾਨ ਬੜੇ ਉਤਸ਼ਾਹ ਦੇ ਨਾਲ ਸਿਵਲ ਡਿਫੈਂਸ ਵਿੱਚ ਸਾਥ ਦੇਣ ਲਈ ਅੱਗੇ ਆਏ ਬੱਚੇ ਅੱਜ 65 ਵਲੰਟੀਅਰਾਂ ਨੇ ਸਿਵਿਲ ਡਿਫੈਂਸ ਵਿੱਚ ਦਾਖਲਾ ਲਿਆ।

ਉਹਨਾਂ ਕਿਹਾ ਕਿ ਸਰਹੱਦੀ ਖੇਤਰ ਦਾ ਇਹ ਇਲਾਕਾ ਵੱਖ ਵੱਖ ਸਮੇਂ ਦੇਸ਼ ਉੱਤੇ ਆਉਂਦੇ ਸੰਕਟ ਲਈ ਢਾਲ ਬਣ ਕੇ ਖੜਦਾ ਰਿਹਾ ਹੈ ਤੇ ਅਜਿਹਾ ਹੀ ਪ੍ਰਮਾਣ ਅੱਜ ਵੇਖਣ ਨੂੰ ਮਿਲਿਆ ਹੈ। ਉਹਨਾਂ ਕਿਹਾ ਕਿ ਸਿਵਲ ਡਿਫੈਂਸ ਦਾ ਕੰਮ ਮੁੱਖ ਤੌਰ ਉਤੇ ਸਾਡੇ ਨਾਗਰਿਕਾਂ ਦੀ ਸੁਰੱਖਿਆ ਲਈ ਕੰਮ ਕਰਨਾ ਹੁੰਦਾ ਹੈ, ਸੋ ਅਸੀਂ ਇਹਨਾਂ ਨੌਜਵਾਨਾਂ, ਨਾਗਰਿਕਾਂ ਦੀਆਂ ਸੇਵਾਵਾਂ ਜਿਲੇ ਦੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਭਵਿੱਖ ਵਿੱਚ ਲਵਾਂਗੇ। ਉਹਨਾਂ ਨੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕਰਦੇ ਹੋਏ ਹੋਰ ਵੀ ਸੰਸਥਾਵਾਂ, ਨੌਜਵਾਨਾਂ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੋ ਵੀ ਇਸ ਮੌਕੇ ਦੇਸ਼ ਸੇਵਾ ਵਿੱਚ ਸਿਵਲ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੁੰਦੇ ਹਨ, ਉਹ ਰੈਡ ਕ੍ਰਾਸ ਜਰੀਏ ਸਿਵਿਲ ਡਿਫੈਂਸ ਵਿੱਚ ਮੈਂਬਰ ਬਣ ਸਕਦੇ ਹਨ। ਇਸ ਮੌਕੇ ਉਹਨਾਂ ਨਾਲ ਰੈਡ ਕ੍ਰਾਸ ਸੈਕਟਰੀ ਸ੍ਰੀ ਸੈਮਸਨ ਮਸੀਹ ਅਤੇ ਹੋਰ ਸ਼ਖਸ਼ੀਅਤਾਂ ਵੀ ਹਾਜ਼ਰ ਸਨ।

# ਸ਼ੋਸਲ ਮੀਡੀਆ ਤੇ ਅਫਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ-ਜ਼ਿਲਾ ਮੈਜਿਸਟ੍ਰੇਟ



ਫਗਵਾੜਾ-ਅੰਮ੍ਰਿਤਸਰ ( ਸੁਸ਼ੀਲ ਸ਼ਰਮਾ)
ਜਿਲਾ ਮਜਿਸਟਰੇਟ ਕਮ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਵੱਖੋ ਵੱਖ ਪਲੇਟਫਾਰਮ ਅਤੇ ਸੋਸ਼ਲ ਮੀਡੀਆ ਉੱਤੇ ਜ਼ਿਲੇ ਸਬੰਧੀ ਚੱਲ ਰਹੀਆਂ ਨਿਰਅਧਾਰ ਖਬਰਾਂ ਦਾ ਗੰਭੀਰ ਨੋਟਿਸ ਲੈਂਦੇ ਹੋਏ ਕਿਹਾ ਕਿ ਭਵਿੱਖ ਵਿੱਚ ਜੋ ਵੀ ਵਿਅਕਤੀ ਅਫਵਾਹਾਂ ਫੈਲਾਉਣ ਵਿੱਚ ਦੋਸ਼ੀ ਪਾਇਆ ਗਿਆ, ਉਸ ਖਿਲਾਫ ਪੁਲਿਸ ਕੇਸ ਦਰਜ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਮੌਜੂਦਾ ਸਥਿਤੀ ਵਿੱਚ ਅਫਵਾਹਾਂ, ਨਿਰਅਧਾਰ ਖਬਰਾਂ ਆਮ ਲੋਕਾਂ ਵਿੱਚ ਬੇਲੋੜੀ ਘਬਰਾਹਟ ਅਤੇ ਪ੍ਰਤੀਕੂਲ ਸਥਿਤੀਆਂ ਪੈਦਾ ਕਰ ਸਕਦੀਆਂ ਹਨ। ਸਿੱਟੇ ਵਜੋਂ ਲੋਕ ਕਈ ਵਾਰ ਅਜਿਹੀਆਂ ਖਬਰਾਂ ਦੇ ਮਗਰ ਲੱਗ ਕੇ ਗਲਤ ਫੈਸਲਾ ਕਰ ਲੈਂਦੇ ਹਨ ਜੋ ਕਿ ਜਾਨ ਅਤੇ ਮਾਲ ਲਈ ਹਾਨੀਕਾਰਕ ਹੋ ਸਕਦਾ ਹੈ।

ਉਹਨਾਂ ਸਾਰੇ ਜ਼ਿਲ੍ਹਾ ਵਾਸੀਆਂ ਅਤੇ ਮੀਡੀਆ ਕਰਮੀਆਂ ਦੀ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਵਿੱਚ ਦਿੱਤੇ ਜਾ ਰਹੇ ਸਹਿਯੋਗ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਅਤੇ ਗੈਰ-ਪ੍ਰਮਾਣਿਤ ਜਾਣਕਾਰੀ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ।

ਉਹਨਾਂ ਸਪੱਸ਼ਟ ਕੀਤਾ ਕਿ ਭਵਿੱਖ ਵਿੱਚ ਅਫਵਾਹਾਂ ਫੈਲਾਉਣ ਵਿੱਚ ਸ਼ਾਮਿਲ ਪਾਏ ਜਾਣ ਵਾਲੇ ਵਿਅਕਤੀਆਂ, ਸੰਸਥਾਵਾਂ ਜਾਂ ਸੋਸ਼ਲ ਮੀਡੀਆ ਹੈਂਡਲਾਂ ਨੂੰ ਸਖ਼ਤ ਕਾਨੂੰਨੀ ਨਤੀਜੇ ਭੁਗਤਣੇ ਪੈਣਗੇ।

# ਡੀ.ਐਸ.ਪੀ ਗੁਰਬਿੰਦਰ ਸਿੰਘ ਵਲੋਂ ਮੌਜੂਦਾ ਹਾਲਾਤਾਂ ਸਬੰਧੀ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਚਰਚਾ



ਤਪਾ ਮੰਡੀ,-ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਨੇ ਮੌਜੂਦਾ ਹਾਲਾਤਾਂ ਨੂੰ ਲੈ ਕੇ ਸਮੂਹ ਵਪਾਰਕ ਅਦਾਰਿਆਂ ਤੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਉਹ ਕਿਸੇ ਵੀ ਤਰ੍ਹਾਂ ਦੀ ਸੋਸ਼ਲ ਮੀਡੀਆ ਉਪਰ ਜਾਂ ਕਿਸੇ ਹੋਰ ਵੱਲੋਂ ਫੈਲਾਈ ਖ਼ਬਰ ਜਾਂ ਅਫ਼ਵਾਹ ਉਪਰ ਅੱਖਾਂ ਬੰਦ ਕਰਕੇ ਯਕੀਨ ਨਾ ਕਰਨ ਅਤੇ ਨਾ ਹੀ ਉਸਨੂੰ ਬਿਨ੍ਹਾਂ ਪੜਤਾਲ ਕੀਤੇ ਫਾਰਵਰਡ ਕਰਨ ਤੇ ਨਾ ਹੀ ਅੱਗੇ ਫੈਲਾਉਣ। ਉਹਨਾਂ ਆਖਿਆ ਕਿ ਸੋਸ਼ਲ ਮੀਡੀਆ ਤੇ ਕੋਈ ਵੀ ਇਸ ਤਰ੍ਹਾਂ ਦਾ ਮੈਸੇਜ ਜਾਂ ਫੋਟੋ ਅਪਲੋਡ ਨਾ ਕੀਤੀ ਜਾਵੇ, ਜਿਸ ਨਾਲ ਬਾਅਦ ਚ ਨਮੋਸ਼ੀ ਝੱਲਣੀ ਪਵੇ। ਉਨ੍ਹਾਂ ਕਿਹਾ ਕਿਸੇ ਵੀ ਸਥਿਤੀ ਦੌਰਾਨ ਸ਼ਾਂਤ ਅਤੇ ਸਹਿਯੋਗੀ ਰਵਈਆ ਰੱਖਿਆ ਜਾਵੇ ਅਤੇ ਬੇਲੋੜੇ ਹੰਗਾਮੇ ਤੋਂ ਬਚਿਆ ਜਾਵੇ। ਡੀ.ਐਸ.ਪੀ ਤਪਾ ਨੇ ਇਸ ਦੌਰਾਨ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਚ ਵੀ ਭਰਪੂਰ ਸਹਿਯੋਗ ਕਰਨ ਦੀ ਵੀ ਅਪੀਲ ਕੀਤੀ। ਉਪਰੰਤ ਹਾਜ਼ਰ ਪਤਵੰਤਿਆਂ ਨੇ ਡੀ.ਐਸ.ਪੀ ਗੁਰਬਿੰਦਰ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਰ ਪ੍ਰਸਥਿਤੀ ਚ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਤਿਆਰ ਬਰ ਤਿਆਰ ਹਨ। ਇਸ ਮੌਕੇ ਮਹਾਂਕਾਵੜ ਸੰਘ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ, ਵਪਾਰ ਮੰਡਲ ਦੇ ਪ੍ਰਧਾਨ ਦੀਪਕ ਬਾਂਸਲ, ਚੇਅਰਮੈਨ ਸੰਦੀਪ ਕੁਮਾਰ ਵਿੱਕੀ,ਡਾ: ਬਾਲ ਚੰਦ ਬਾਂਸਲ, ਸਰਪੰਚ ਕੁਲਵਿੰਦਰ ਸਿੰਘ ਕਿੰਦੀ ਢਿਲਵਾਂ, ਨਾਨਕ ਸਿੰਘ, ਮੰਗਤ ਰਾਮ, ਸੋਮ ਨਾਥ ਸ਼ਰਮਾ, ਅਸ਼ਵਨੀ ਬਹਾਵਲਪੁਰੀਆ,ਮਦਨ ਲਾਲ ਗਰਗ,ਪ੍ਰਵੀਨ ਰੂੜੇਕੇ, ਸਤਪਾਲ ਗੋਇਲ, ਵਿਪਨ ਗੁਪਤਾ, ਕੂਲਭੂਸ਼ਣ ਸੂਦ, ਸੰਦੀਪ ਭੈਣੀ, ਮੱਖਲ ਲਾਲ, ਸੁਸ਼ੀਲ ਤਾਜੋ, ਮੁਨੀਰ ਮਿੱਤਲ,ਅਜੇਪਾਲ ਸੂਰਿਯਾ, ਸੰਦੀਪ ਵਿੱਕੀ, ਅਸ਼ੋਕ ਮਿੱਤਲ, ਅਸ਼ੋਕ ਗੁਪਤਾ, ਪ੍ਰਵੀਨ ਮਹਿਤਾ, ਮੰਗੂ ਮੌੜ, ਪਵਨ ਬਤਾਰਾ, ਮਨੋਜ ਸਿੰਗਲਾ, ਭਗਵੰਤ ਚੱਠਾ, ਟੀਟੂ ਦੀਕਸ਼ਿਤ, ਰਿੰਕੂ ਧੂਰਕੋਟ, ਕੌਂਸਲਰ ਧਰਮਪਾਲ ਸ਼ਰਮਾ,ਕੌਂਸਲਰ ਅਮਰਜੀਤ ਧਰਮਸੌਤ,ਮੁਨੀਸ਼ ਬਹਾਵਲਪੁਰੀਆ,ਰਾਕੇਸ਼ ਕੁਮਾਰ,ਮਿੰਟੂ,ਟਿੰਕੂ ਧੂਰਕੋਟੀਆ, ਸੋਹਨ ਵਧਵਾ, ਨਰਿੰਦਰ ਸਿੰਗਲਾ, ਲਵਲੀ ਮਹਿਰਾਜ, ਪਵਨ ਬਤਾਰਾ, ਭੋਲਾ ਚੌਂ ਵਾਲੇ ਟਿੰਮੀ ਚੌਅ ਵਾਲੇ, ਬੰਟੀ ਮੌੜ, ਰਵਿੰਦਰ ਤਾਜੋ, ਰਾਕੇਸ਼ ਗੋਇਲ, ਮਨੂੰ, ਦੀਪੂ ਭੈਣੀ ਅੱਛਾ, ਦੀਪਕ ਕੁਮਾਰ ਆਦਿ ਵੱਡੀ ਗਿਣਤੀ ਚ ਸ਼ਹਿਰ ਨਿਵਾਸੀ ਮੌਜੂਦ ਸਨ।

# ਮੌਜੂਦਾ ਹਲਾਤਾਂ ਦੇ ਮੱਦੇਨਜ਼ਰ ਅਗਾਊਂ ਪ੍ਰਬੰਧ ਖ਼ੂਨ ਜਮ੍ਹਾਂ ਰੱਖਣ ਲਈ ਸਿਵਲ ਹਸਪਤਾਲ ਤਪਾ ਵਿਖੇ ਖ਼ੂਨਦਾਨ ਕੈਂਪ ਅੱਜ



ਤਪਾ ਮੰਡੀ-ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿਵਲ ਹਸਪਤਾਲ ਤਪਾ ਵਿਖੇ ਅੱਜ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਕਿ ਐਮਰਜੈਂਸੀ ਸਥਿਤੀ ਲਈ ਖ਼ੂਨ ਅਗਾਊਂ ਜਮ੍ਹਾਂ ਰੱਖਿਆ ਜਾ ਸਕੇ। ਜਦ ਇਸ ਸਬੰਧੀ ਸ਼ਹਿਰ ਦੇ ਕੁਝ ਸਮਾਜ ਸੇਵੀਆਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਿਵਲ ਹਸਪਤਾਲ ਵੱਲੋਂ ਕੀਤਾ ਜਾ ਰਿਹਾ ਉਪਰਾਲਾ ਸਲਾਘਾਯੋਗ ਕਦਮ ਹੈ ਕਿਉਂਕਿ ਅੱਜ ਇਸ ਸਥਿਤੀ ਦੇ ਚਲਦਿਆਂ ਦੇਸ਼ ਲਈ ਹਰ ਨੌਜਵਾਨ ਖ਼ੂਨ ਦਾ ਕਤਰਾ-ਕਤਰਾ ਤੱਕ ਦਾਨ ਕਰਨ ਲਈ ਤਿਆਰ ਹੈ। ਇਸ ਤੋਂ ਪਹਿਲਾਂ ਕਰੋਨਾ ਕਾਲ ਦੌਰਾਨ ਵੀ ਹਰ ਵਿਅਕਤੀ ਨੇ ਹਰ ਜ਼ਰੂਰਤਮੰਦ ਦੀ ਮੱਦਦ ਲਈ ਹਰ ਪ੍ਰਕਾਰ ਦੀ ਸੇਵਾ ਲਈ ਆਪਣਾ ਕਦਮ ਅੱਗੇ ਵਧਾਇਆ ਸੀ। ਇਸ ਮੌਕੇ ਮਿੰਨੀ ਸਹਾਰਾ ਕਲੱਬ ਵੱਲੋਂ ਵੀ ਇਲਾਕੇ ਦੀਆਂ ਸਮੂਹ ਰਾਜਨੀਤਿਕ, ਸਮਾਜਿਕ,ਧਾਰਮਿਕ, ਵਪਾਰਕ ਜਥੇਬੰਦੀਆਂ, ਕਲੱਬਾਂ ਦੇ ਨੌਜਵਾਨਾਂ ਅਤੇ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਜ ਦਿਨ ਐਤਵਾਰ ਨੂੰ ਸਿਵਲ ਹਸਪਤਾਲ ਤਪਾ ਵਿਖੇ ਠੀਕ 10 ਵਜੇ ਵੱਡੀ ਗਿਣਤੀ ਚ ਪਹੁੰਚ ਕੇ ਆਪਣਾ ਖ਼ੂਨ ਦਾਨ ਕਰਨ ਤਾਂ ਜੋ ਆਪਣੇ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਲੋੜਵੰਦ ਦੇ ਕੰਮ ਆ ਸਕੇ।

# ਮੀਟ ਦੀਆਂ ਦੁਕਾਨਾਂ ਤੋਂ ਦੁਖੀ ਦੁਕਾਨਦਾਰਾਂ ਦਾ ਵਫਦ ਡੀ.ਐਸ.ਪੀ ਤਪਾ ਨੂੰ ਮਿਲਿਆ



ਤਪਾ ਮੰਡੀ,-ਮੀਟ ਦੀਆਂ ਦੁਕਾਨਾਂ ਤੋਂ ਦੁਖੀ ਟਰੱਕ ਯੂਨੀਅਨ ਤਪਾ ਨਜ਼ਦੀਕ ਸਥਿਤ ਦੁਕਾਨਦਾਰਾਂ ਦਾ ਇੱਕ ਵਫਦ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਨੂੰ ਮਿਲਿਆ। ਇਸ ਮੌਕੇ ਗੱਲਬਾਤ ਦੌਰਾਨ ਦੁਕਾਨਦਾਰਾਂ ਨੇ ਡੀ.ਐਸ.ਪੀ ਗੁਰਬਿੰਦਰ ਸਿੰਘ ਨੂੰ ਦੱਸਿਆ ਕਿ ਉਹਨਾਂ ਦੀਆਂ ਦੁਕਾਨਾਂ ਦੇ ਨਜ਼ਦੀਕ ਮੀਟ ਦੀਆਂ ਦੁਕਾਨਾਂ ਹਨ, ਜਿਸ ਕਾਰਨ ਉਹਨਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਜਦ ਕਿ ਉਹ ਪਹਿਲਾਂ ਵੀ ਕਈ ਵਾਰ ਆਪਣੀ ਸਮੱਸਿਆ ਸਬੰਧੀ ਤਪਾ ਸਿਟੀ ਅਤੇ ਨਗਰ ਕੌਂਸਲ ਵਿਖੇ ਜਾਣੂ ਕਰਵਾ ਚੁੱਕੇ ਹਨ, ਪ੍ਰੰਤੂ ਅਜੇ ਤੱਕ ਪਰਨਾਲਾ ਉਥੇ ਦਾ ਉਥੇ ਹੀ ਹੈ।ਉਹਨਾਂ ਦੱਸਿਆ ਕਿ ਦਿਨ ਚੜ੍ਹਦਿਆਂ ਹੀ ਉਹਨਾਂ ਨੂੰ ਆਪਣੀਆਂ ਦੁਕਾਨਾਂ ਨਜ਼ਦੀਕ ਮਾਸ ਦੇ ਲੋਥੜਿਆਂ ਦੇ ਦਰਸ਼ਨ ਕਰਨੇ ਪੈਂਦੇ ਹਨ, ਇਨਾ ਮੀਟ ਦੀਆਂ ਦੁਕਾਨਾਂ ਕਾਰਨ ਹਰ ਸਮੇਂ ਗੰਦਗੀ, ਕੱਚਾ ਮੀਟ ਅਤੇ ਮੱਖੀਆਂ ਦੀ ਭਰਮਾਰ ਰਹਿੰਦੀ ਹੈ। ਜਿਸ ਕਾਰਨ ਹਰ ਸਮੇਂ ਭੈੜੀ ਬਦਬੂ ਮਾਰਦੀ ਰਹਿੰਦੀ ਹੈ ਦਾ ਅਸਰ ਉਨ੍ਹਾਂ ਦੇ ਰੁਜ਼ਗਾਰ ਤੇ ਵੀ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਰੋਡ ਸ਼ਹਿਰ ਦੇ ਅੰਦਰ ਬੱਸ ਸਟੈਂਡ ਅਤੇ ਮਾਡਲ ਟਾਊਨ ਮੁਹੱਲੇ ਨਾਲ ਜੁੜੀ ਹੋਣ ਕਰਕੇ ਬਹੁਤ ਚੱਲਦੀ ਹੈ, ਜਿਸ ਕਰਕੇ ਸ਼ਹਿਰ ਨਿਵਾਸੀ, ਸਕੂਲੀ ਬੱਚੇ ਅਤੇ ਨੇੜੇ ਪਿੰਡਾਂ ਦੇ ਲੋਕਾਂ ਦਾ ਵੀ ਇਸ ਰੋਡ ਉੱਪਰੋਂ ਬਹੁਤ ਆਉਣਾ ਜਾਣਾ ਰਹਿੰਦਾ ਹੈ ਪਰ ਇਸ ਰੋਡ ਤੇ ਮੀਟ ਸ਼ਾਪ ਹੋਣ ਕਰਕੇ ਹਰ ਸਮੇਂ ਇਨ੍ਹਾਂ ਜ਼ਿਆਦਾ ਕੂੜਾ ਕਰਕਟ ਖਿੱਲਰਿਆ ਰਹਿੰਦਾ ਹੈ ਅਤੇ ਸ਼ਾਮ ਨੂੰ ਹਰ ਸਮੇਂ ਸ਼ਰਾਬੀਆਂ ਦੀ ਗਾਲ਼ੀ-ਗਲੋਚ ਅਤੇ ਲੜਾਈ ਰਹਿੰਦੀ ਹੈ। ਮੀਟ ਦੀਆਂ ਦੁਕਾਨਾਂ ਕਾਰਨ ਇੱਥੇ ਹਰ ਸਮੇਂ ਆਵਾਰਾ ਕੁੱਤੇ ਘੁੰਮਦੇ ਰਹਿੰਦੇ ਹਨ, ਜੋ ਰਾਤ ਸਮੇਂ ਮਾਸ ਦੇ ਲੋਥੜਿਆਂ ਨੂੰ ਆਪਣੇ ਮੂੰਹਾਂ ਰਾਹੀਂ ਚੁੱਕ ਕੇ ਉਨ੍ਹਾਂ ਦੀਆਂ ਦੁਕਾਨਾਂ ਅੱਗੇ ਢੇਰ ਲਗਾ ਦਿੰਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਸਵੇਰ ਹੁੰਦਿਆਂ ਦੁਕਾਨਾਂ ਖੋਲ੍ਹਣ ਸਮੇਂ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡੀ.ਐਸ.ਪੀ ਗੁਰਬਿੰਦਰ ਸਿੰਘ ਨੇ ਦੁਕਾਨਦਾਰਾਂ ਦੀ ਗੱਲਬਾਤ ਸੁਣਨ ਉਪਰੰਤ ਭਰੋਸਾ ਦਵਾਇਆ ਕਿ ਉਹ ਤਪਾ ਸਿਟੀ ਇੰਚਾਰਜ ਦੀ ਡਿਊਟੀ ਲਗਾ ਕੇ ਉਹਨਾਂ ਦੇ ਇਸ ਮਸਲੇ ਦਾ ਹੱਲ ਜਲਦ ਹੀ ਕਰਵਾ ਦੇਣਗੇ। ਇਸ ਮੌਕੇ ਡਾ. ਬਾਲ ਚੰਦ ਬਾਂਸਲ, ਸਾਹਿਲ ਕੁਮਾਰ ਤੋਂ ਇਲਾਵਾ ਦੁਕਾਨਦਾਰ ਰਾਜੇਸ਼ ਕੁਮਾਰ ਟਿੰਕੂ ਧੂਰਕੋਟੀਆ, ਵਿਕਰਮ ਕੁਮਾਰ,ਰਾਮ ਲਾਲ, ਰਾਕੇਸ਼ ਕੁਮਾਰ,ਦਵਿੰਦਰ ਕੁਮਾਰ ਆਦਿ ਮੌਜੂਦ ਸਨ।

# ਮੰਦਰ ਪ੍ਰਬੰਧਕਾਂ ਵੱਲੋਂ ਤ੍ਰਿਓਦਸੀ ਅਤੇ ਇਕਾਦਸੀਆਂ ਦਾ ਕੈਲੰਡਰ ਜਾਰੀ



ਤਪਾ ਮੰਡੀ,-ਪੰਚਮੁਖੀ ਹਨੂਮਾਨ ਅਤੇ ਸ਼ਨੀਦੇਵ ਮੰਦਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ 2082 ਦਾ ਦੇਸੀ ਮਹੀਨੇ ਦਾ ਕੈਲੰਡਰ ਰਿਲੀਜ਼ ਕੀਤਾ ਗਿਆ। ਜਿਸ ਵਿਚ ਮੰਦਰ ਦੇ ਸਾਰੇ ਪ੍ਰੋਗਰਾਮਾਂ ਦਾ ਵੇਰਵਿਆਂ ਜਿਵੇਂ ਰਣੀਕੇ ਲਈ ਫਰੀ ਬੱਸ ਯਾਤਰਾ,ਸ਼ਨੀਵਾਰ ਲੰਗਰ,ਇਕਾਦਸ਼ੀ ਕੀਰਤਨ ਅਤੇ ਨਿਸ਼ਾਨ ਯਾਤਰਾ ਅਤੇ ਹੋਰ ਤਿਉਹਾਰਾਂ ਵਾਲੇ ਬਾਰੇ ਦੱਸਿਆ ਗਿਆ। ਇਸ ਮੌਕੇ ਸਮੂਹ ਸ਼ਰਧਾਲੂਆਂ ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਸਮੇਂ ਹਰੀਸ਼ ਮਿੱਤਲ ਗੋਸ਼ਾ,ਕਰਨ ਮਿੱਤਲ,ਕਾਲਾ ਘੁੰਨਸ,ਭੂਸ਼ਣ ਬਾਂਸਲ,ਤਾਰੀ ਦਰਾਜ,ਹਰੀਸ਼ ਬਾਂਸਲ,ਬਲਦੇਵ ਕ੍ਰਿਸ਼ਨ ਆਟੇ ਵਾਲੇ,ਰਮੇਸ਼ ਮੇਸ਼ੀ ਪੱਖੋ,ਸਰੇਸ਼ ਮਿੱਤਲ,ਦੀਪੂ ਭੈਣੀ ਅਤੇ ਰਾਧਾ ਕ੍ਰਿਸ਼ਨ ਮਹਿਲਾ ਸੰਕੀਰਤਨ ਮੰਡਲ ਵੱਲੋਂ ਰੀਨਾ ਗਰਗ,ਨੀਸ਼ੂ,ਮੋਨਿਕਾ, ਅਨੀਤਾ ਰਾਣੀ, ਮਨੀਸ਼ਾ, ਰਾਣੋ ਗੋਇਲ, ਸੋਨੀਆ, ਸੀਮਾ ਰਾਣੀ, ਗੋਲਡੀ ਆਦਿ ਸ਼ਰਧਾਲੂ ਹਾਜਰ ਸਨ।

# ਮੌਜੂਦਾ ਹਾਲਾਤ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਵੱਲੋਂ ਸੁਰੱਖਿਆ ਤਿਆਰੀਆਂ ਦਾ ਜਾਇਜ਼ਾ



ਜਲੰਧਰ, - ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਵੱਲੋਂ ਅੱਜ ਜ਼ਿਲ੍ਹੇ ਭਰ ਵਿੱਚ ਕਾਨੂੰਨ ਵਿਵਸਥਾ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਇੰਟੈਗ੍ਰੇਟਿਡ ਕਮਾਂਡ ਤੇ ਕੰਟਰੋਲ ਸੈਂਟਰ(ਆਈ.ਸੀ.ਸੀ.ਸੀ) ਵਿਖੇ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਗਈ।

ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਅਗਰਵਾਲ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵਲੋਂ ਵਸਨੀਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇੰਟੈਗ੍ਰੇਟਿਡ ਕਮਾਂਡ ਤੇ ਕੰਟਰੋਲ ਸੈਂਟਰ ਰਾਹੀਂ ਜ਼ਿਲ੍ਹੇ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਅਤੇ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਨਾਗਰਿਕ ਕਿਸੇ ਵੀ ਸ਼ੱਕੀ ਡ੍ਰੋਨ ਗਤੀਵਿਧੀ ਜਾਂ ਹੋਰ ਮੁੱਦਿਆਂ ਸਬੰਧੀ ਜਾਣਕਾਰੀ ਦੇਣ ਲਈ ਕੰਟਰੋਲ ਰੂਮ ਦੇ ਨੰਬਰ 0181-2224417 ਤੇ ਸੰਪਰਕ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਸਾਰੇ ਸੁਰੱਖਿਆ ਪ੍ਰੋਟੋਕੋਲ, ਖਾਸ ਕਰ ਜਨਤਕ ਸੁਰੱਖਿਆ ਲਈ ਜਾਰੀ ਬਲੈਕਆਊਟ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬੇਲੋੜੀ ਆਵਾਜਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਆਪਣੇ ਘਰਾਂ ਦੇ ਅੰਦਰ ਰਹਿਣਾ ਚਾਹੀਦਾ ਹੈ। ਉਨ੍ਹਾਂ ਗਲਤ ਜਾਣਕਾਰੀ ਫੈਲਾਉਣ ਵਿਰੁੱਧ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਅਤੇ ਫੇਕ ਨਿਊਜ਼ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਵਸਨੀਕਾਂ ਨੂੰ ਘਬਰਾਹਟ ਵਿੱਚ ਖ਼ਰੀਦਦਾਰੀ ਕਰਨ ਤੋਂ ਬਚਣ ਦੀ ਅਪੀਲ ਕਰਨ ਦੇ ਨਾਲ-ਨਾਲ ਅਧਿਕਾਰੀਆਂ ਨੂੰ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ।

ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਭਰੋਸਾ ਦਿੱਤਾ ਕਿ ਸ਼ਹਿਰ ਦੀ ਸੁਰੱਖਿਆ ਲਈ ਪੁਲਿਸ ਟੀਮਾਂ ਸਰਗਰਮੀ ਨਾਲ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਦੀ ਸੂਚਨਾ ਦੇਣ ਲਈ ਨਾਗਰਿਕ 112 ਨੰਬਰ 'ਤੇ ਸੰਪਰਕ ਕਰ ਸਕਦੇ ਹਨ ਅਤੇ ਉਨ੍ਹਾਂ ਅਮਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜਨਤਕ ਸਹਿਯੋਗ ਦੀ ਅਪੀਲ ਵੀ ਕੀਤੀ।

ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੇ ਸਾਂਝੇ ਯਤਨ ਪੰਜਾਬ ਸਰਕਾਰ ਦੀ ਸਥਿਤੀ ਨੂੰ ਸਰਗਰਮੀ ਨਾਲ ਸੰਭਾਲਣ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੇ ਹਨ, ਜਿਸ ਨਾਲ ਜਨਤਕ ਹਿੱਤਾਂ ਦੀ ਰਾਖੀ ਕਰਦਿਆਂ ਕਾਨੂੰਨ ਵਿਵਸਥਾ ਵੀ ਬਰਕਰਾਰ ਰਹੇ।

# ਦੀਵਾਨੇ ਖਾਟੂ ਵਾਲੇ ਕੇ ਸੇਵਾ ਸੰਘ ਨੇ ਖਾਟੂ ਸ਼ਿਆਮ ਜੀ ਦਾ ਸੰਕੀਰਤਨ ਕਰਵਾਇਆ



ਤਪਾ ਮੰਡੀ-ਦੀਵਾਨੇ ਖਾਟੂ ਵਾਲੇ ਕੇ ਸੇਵਾ ਸੰਘ ਵੱਲੋਂ ਇਕਾਦਸ਼ੀ ਦੇ ਸੁਭ ਦਿਹਾੜੇ ਨੂੰ ਮੁੱਖ ਰੱਖਦਿਆਂ ਸ਼੍ਰੀ ਖਾਟੂ ਸ਼ਿਆਮ ਜੀ ਦਾ ਸੰਕੀਰਤਨ ਪ੍ਰਾਚੀਨ ਸਰਾਂ ਮੰਦਰ ਵਿਖੇ ਕਰਵਾਇਆ ਗਿਆ। ਇਸ ਮੌਕੇ ਪੰਡਿਤ ਅਨਿਲ ਸ਼ਰਮਾ ਨੇ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਮੰਤਰਾਂ ਦਾ ਉਚਾਰਨ ਕਰਕੇ ਪੂਜਣ ਦੀ ਰਸਮ ਕਮਲ ਗੋਇਲ ਤੋਂ ਸਮੇਤ ਪਰਿਵਾਰ ਅਦਾ ਕਰਵਾਈ। ਸੰਕੀਰਤਨ ਮੌਕੇ ਪ੍ਰਸਿੱਧ ਭਜਨ ਗਾਇਕ ਹੈਪੀ ਸੋਹਲ ਬਰਨਾਲਾ ਵਾਲਿਆਂ ਨੇ ਖਾਟੂ ਸ਼ਿਆਮ ਜੀ ਦੇ ਭਜਨਾਂ ਦਾ ਗੁਣਗਾਨ ਕਰਕੇ ਸੰਗਤ ਨੂੰ ਝੂੰਮਣ ਲਈ ਮਜਬੂਰ ਕਰ ਦਿੱਤਾ। ਇਸ ਧਾਰਮਿਕ ਸਮਾਗਮ ਮੌਕੇ ਸਮੂਹ ਮੰਡੀ ਨਿਵਾਸੀਆਂ ਨੇ ਵੱਡੀ ਗਿਣਤੀ ਚ ਸ਼ਿਰਕਤ ਕਰਕੇ ਭਗਵਾਨ ਖਾਟੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸੰਘ ਦੇ ਸਮੂਹ ਮੈਂਬਰਾਂ ਨੇ ਆਏ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਸੰਤ ਲਾਲ ਬਾਂਸਲ,ਕਮਲ ਗੋਇਲ,ਅਰੁਣ ਗੋਇਲ,ਕਮਲ ਬਾਂਸਲ,ਅਸ਼ਵਨੀ ਕੁਮਾਰ ਬਹਾਵਲਪੁਰੀਆ,ਸ਼ਿਵਮ ਬਾਂਸਲ, ਲਵਲੀ ਕੁਮਾਰ, ਸਾਬਕਾ ਕੌਂਸਲਰ ਗੁਰਮੀਤ ਸਿੰਘ ਰੋੜ,ਸੰਦੀਪ ਭੈਣੀ, ਉਮੇਸ਼ ਕੁਮਾਰ ਟਿੰਕੂ, ਅੰਕਿਤ ਕੁਮਾਰ, ਸਾਬਕਾ ਕੌਂਸਲਰ ਗੁਰਮੀਤ ਰੋੜ,ਐਡਵੋਕੇਟ ਦੀਪਕ ਬਾਂਸਲ, ਮਨੀਸ਼ ਬਹਾਵਲਪੁਰੀਆ, ਸੰਦੀਪ ਕੁਮਾਰ ਵਿੱਕੀ, ਅਸ਼ੋਕ ਸ਼ਹਿਣਾ, ਰਜਿੰਦਰ ਬਾਂਸਲ, ਸੰਜੀਵ ਮੌੜ, ਲਾਲੀ ਧੂਰਕੋਟੀਆ, ਭਾਰਤ ਭੂਸ਼ਣ, ਦੀਪਕ ਕੁਮਾਰ ਆਦਿ ਵੱਡੀ ਗਿਣਤੀ ਚ ਸ਼ਰਧਾਲੂ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕਾਂ ਨੂੰ ਸੰਜਮ ਨਾਲ ਖ਼ਰੀਦਦਾਰੀ ਕਰਨ ਦੀ ਅਪੀਲ

ਜਲੰਧਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਾਗਰਿਕਾਂ ਨੂੰ ਸੰਜਮ ਨਾਲ ਅਤੇ ਸੋਚ-ਵਿਚਾਰ ਕੇ ਖ਼ਰੀਦਦਾਰੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਘਬਰਾਹਟ ਵਿੱਚ ਆ ਕੇ ਧੜਾਧੜ ਖ਼ਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਕਿਸੇ ਵੀ ਤਰ੍ਹਾਂ ਦੇ ਐਮਰਜੈਂਸੀ ਹਾਲਾਤ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੇ ਨਾਲ ਖੜ੍ਹਾ ਹੈ।

ਡਾ. ਅਗਰਵਾਲ ਨੇ ਕਿਹਾ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਹਾਲਾਤ ਦੌਰਾਨ ਪੰਜਾਬ ਸਰਕਾਰ ਵੱਲੋਂ ਜਨਤਾ ਨੂੰ ਹਰ ਪ੍ਰਕਾਰ ਦੀ ਸਹਾਇਤਾ ਤੇ ਸਹਿਯੋਗ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜ਼ਰੂਰੀ ਵਸਤਾਂ ਸਮੇਤ ਕਿਸੇ ਵੀ ਚੀਜ਼ ਦੀ ਜਮ੍ਹਾਂਖੋਰੀ ਬਿਲਕੁੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਜਮ੍ਹਾਂਖੋਰੀ ਜਾਂ ਕਾਲਾਬਾਜ਼ਾਰੀ ਕਰਦਾ ਪਾਇਆ ਗਿਆ, ਤਾਂ ਉਸ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਡੀ.ਐਫ.ਐਸ.ਸੀ. ਨੂੰ ਜਮ੍ਹਾਂਖੋਰੀ 'ਤੇ ਸਖ਼ਤ ਨਿਗਰਾਨੀ ਰੱਖਣ ਅਤੇ ਗਲਤ ਇਰਾਦੇ ਨਾਲ ਥੋਕ ਵਿੱਚ ਖ਼ਰੀਦਦਾਰੀ ਕਰਨ ਵਾਲਿਆਂ ਦੀ ਸੂਚੀ ਤਿਆਰ ਕਰਕੇ ਪ੍ਰਸ਼ਾਸਨ ਨਾਲ ਸਾਂਝੀ ਕਰਨ ਦੇ ਨਿਰਦੇਸ਼ ਵੀ ਦਿੱਤੇ।

ਇਸਦੇ ਨਾਲ ਹੀ, ਡਿਪਟੀ ਕਮਿਸ਼ਨਰ ਨੇ ਨਾਗਰਿਕਾਂ ਨੂੰ ਭਵਿੱਖ ਵਿੱਚ ਹੋਣ ਵਾਲੀ ਮੌਕ ਡਰਿੱਲ ਦੀ ਪੂਰੀ ਗੰਭੀਰਤਾ ਨਾਲ ਪਾਲਣਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਮੌਕ ਡਰਿੱਲ ਘੱਟ ਸਮੇਂ ਲਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਲੈਕ ਆਊਟ ਡਰਿੱਲ ਦੌਰਾਨ ਲਾਈਟ ਬੰਦ ਕਰ ਦਿੱਤੀ ਜਾਵੇਗੀ ਅਤੇ ਟ੍ਰੈਫਿਕ ਲਾਈਟਾਂ ਵੀ ਬੰਦ ਰਹਿਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਇਸ ਦੌਰਾਨ ਆਪਣੇ ਘਰਾਂ ਵਿੱਚ ਇਨਵਰਟਰ ਜਾਂ ਜਨਰੇਟਰ ਬੰਦ ਰੱਖੇ ਜਾਣ। ਜੇਕਰ ਕਿਸੇ ਵਜ੍ਹਾ ਕਾਰਨ ਇਹ ਚਲਾਉਣੇ ਵੀ ਹਨ ਤਾਂ ਇਸ ਤਰ੍ਹਾਂ ਚਲਾਏ ਜਾਣ ਕਿ ਰੌਸ਼ਨੀ ਖਿੜਕੀਆਂ ਦਰਵਾਜ਼ਿਆਂ ਵਿੱਚੋਂ ਬਾਹਰ ਨਾ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਵਾਹਨਾਂ 'ਤੇ ਗੈਰ-ਜ਼ਰੂਰੀ ਸਫ਼ਰ ਤੋਂ ਗੁਰੇਜ਼ ਕੀਤਾ ਜਾਵੇ ਅਤੇ ਜੇਕਰ ਕੋਈ ਵਾਹਨ ਸੜਕ 'ਤੇ ਜਾ ਰਿਹਾ ਹੈ ਤਾਂ ਉਸਦੀਆਂ ਲਾਈਟਾਂ ਬੰਦ ਕਰਕੇ ਉਸ ਨੂੰ ਸੜਕ ਦੇ ਕਿਨਾਰੇ ਰੋਕ ਲਿਆ ਜਾਵੇ।

ਡਾ. ਅਗਰਵਾਲ ਨੇ ਕਿਹਾ ਕਿ ਜੇਕਰ ਬਿਨਾਂ ਮੌਕ ਡਰਿੱਲ ਦੀ ਅਨਾਊਂਸਮੈਂਟ ਤੋਂ ਵੀ ਸਾਇਰਨ ਦੀ ਆਵਾਜ਼ ਸੁਣਾਈ ਦਿੰਦੀ ਹੈ ਤਾਂ ਤੁਰੰਤ ਮੌਕ ਡਰਿੱਲ ਦੌਰਾਨ ਕੀਤੇ ਅਭਿਆਸ ਨੂੰ ਅਮਲ ਵਿੱਚ ਲਿਆਂਦਾ ਜਾਵੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਫ਼ਵਾਹਾਂ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਲੋਕ ਹਿੱਤ ਵਿੱਚ ਜਾਰੀ ਐਡਵਾਈਜ਼ਰੀ ਦੀ ਇੰਨ-



ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫ਼ਵਾਹ ਫੈਲਾਉਂਦਾ ਪਾਇਆ ਗਿਆ, ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਓਧਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਡੀ.ਐਫ. ਐਸ.ਸੀ. ਨਰਿੰਦਰ ਸਿੰਘ ਵੱਲੋਂ ਡੀ. ਮਾਰਟ ਸਮੇਤ ਵੱਖ-ਵੱਖ ਸਟੋਰਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਪ੍ਰਬੰਧਕਾਂ ਨੂੰ ਵਿਅਕਤੀਗਤ ਲੋਕਾਂ ਨੂੰ ਥੋਕ ਵਿੱਚ ਸਾਮਾਨ ਨਾ ਵੇਚਣ ਅਤੇ ਗਾਹਕਾਂ ਨੂੰ ਵੀ ਬਿਨਾਂ ਲੋੜ ਤੋਂ ਥੋਕ ਵਿੱਚ ਖ਼ਰੀਦਦਾਰੀ ਨਾ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ। ਡੀ.ਐਫ.ਐਸ.ਸੀ. ਨੇ ਦੱਸਿਆ ਕਿ ਸਟੋਰ ਵਿੱਚ ਨਿਯਮਿਤ ਤੌਰ 'ਤੇ ਘੋਸ਼ਣਾਵਾਂ ਵੀ ਕਰਵਾਈਆਂ ਜਾ ਰਹੀਆਂ ਹਨ ਕਿ ਨਿਯਮਿਤ ਲੋੜ ਮੁਤਾਬਕ ਹੀ ਸਾਮਾਨ ਖਰੀਦਿਆ ਜਾਵੇ।

# ਸੜਕਾਂ ਤੇ ਖਿੱਲਰੇ ਕਣਕ ਦੇ ਸਿੱਟੇ ਬਣਦੇ ਨੇ ਹਾਦਸਿਆਂ ਦਾ ਕਾਰਨ



ਤਪਾ ਮੰਡੀ,-ਅੱਜ ਕੱਲ੍ਹ ਇਲਾਕੇ ਦੀਆਂ ਲਗਭਗ ਸਾਰੀਆਂ ਸੜਕਾਂ ਹੀ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ, ਕਿਉਂਕਿ ਹਰ ਪਾਸੇ ਸੜਕਾਂ ਤੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਵਲੋਂ ਖੇਤਾਂ ਚੋਂ ਕਣਕ ਦੀ ਕਟਾਈ ਤੋਂ ਬਾਅਦ ਖੇਤਾਂ ਵਿਚ ਕਟਾਈ ਤੋਂ ਬਾਕੀ ਬਚੀਆਂ ਅਤੇ ਆਸੇ ਪਾਸੇ ਡਿੱਗੀਆਂ ਕਣਕ ਦੀਆਂ ਬੱਲੀਆਂ ਵਿਚੋਂ ਦਾਣੇ ਕੱਢਣ ਲਈ ਸੜਕਾਂ ਤੇ ਖਿਲਾਰ ਦਿੱਤਾ ਜਾਂਦਾ ਹੈ। ਭਾਵੇਂ ਅਜਿਹਾ ਕਰਨਾ ਇਨ੍ਹਾਂ ਪਰਿਵਾਰਾਂ ਵਲੋਂ ਆਪਣੀ ਮਜਬੂਰੀ ਦੱਸਿਆ ਗਿਆ ਪਰ ਕਈ ਵਾਰ ਇਨ੍ਹਾਂ ਸਿੱਟਿਆਂ ਚੋਂ ਨਿਕਲੇ ਦਾਣਿਆਂ ਕਾਰਨ ਦੋ ਪਹੀਆ ਵਾਹਨ ਸਕੂਟਰ, ਮੋਟਰਸਾਈਕਲ ਆਦਿ ਸਲਿਪ ਹੋਣ ਕਰ ਕੇ ਹਾਦਸਾ ਵਾਪਰਨ ਕਾਰਨ ਰਾਹਗੀਰਾਂ ਦੇ ਸੱਟਾਂ ਵੀ ਲੱਗ ਜਾਂਦੀਆਂ ਹਨ। ਇਸ ਤੋਂ ਇਲਾਵਾ ਸੜਕ ਤੇ ਇਨ੍ਹਾਂ ਸਿੱਟਿਆਂ ਉੱਪਰੋਂ ਵੱਡੇ ਵਾਹਨ ਲੰਘਣ ਅਤੇ ਸੜਕ ਕੰਢੇ ਕਣਕ ਤੂੜੀ ਤੋਂ ਅਲੱਗ ਕਰਨ ਲਈ ਖੁੱਲ੍ਹੀ ਹਵਾ ਵਿਚ ਉਡਾਉਣ ਕਾਰਨ ਛੋਟੇ ਵਾਹਨ ਚਾਲਕਾਂ ਅਤੇ ਪੈਦਲ ਰਾਹਗੀਰਾਂ ਦੀਆਂ ਅੱਖਾਂ ਵਿਚ ਉੱਡ ਕੇ ਕਈ ਵਾਰੀ ਤੂੜੀ ਦੇ ਕਣ ਵੀ ਪੈ ਜਾਂਦੇ ਹਨ ਜੋ ਕਿਸੇ ਸਮੇਂ ਵੀ ਵੱਡੇ ਹਾਦਸੇ ਦਾ ਕਾਰਨ ਬਣ ਜਾਂਦੇ ਹਨ। ਇਸ ਲਈ ਪ੍ਰਸ਼ਾਸਨ ਨੂੰ ਰਾਹਗੀਰਾਂ ਦੀ ਸਮੱਸਿਆ ਵੱਲ ਧਿਆਨ ਦੇ ਕੇ ਅਜਿਹੇ ਲੋਕਾਂ ਨੂੰ ਸਮਝਾ ਕੇ ਅਜਿਹਾ ਕਰਨ ਤੋਂ ਰੋਕਣਾ ਚਾਹੀਦਾ ਹੈ।